# ਸੋਚ ਦੀ ਪਰਵਾਜ਼

(ਕਾਵਿ-ਸੰਗ੍ਰਹਿ)

ਬਲਵੀਰ ਢਿੱਲੋਂ

**SOCH DI PARWAZ**
**(Poetry)**
by
**BALVIR DHILLON**
**8587 Terrace Drive**
**Delta. BC Canada**
**V4C 3Z3**

© Writer
1st Edition 2019

Publication
**RAHAAO PUBLICATION**
Madhe Road,
Nihal Singh Wala-142055
78890-06635, 81462-00063
godvinder1@gmail.com

Type Setting
Dimpal Kumar, Barnala
94172-80380

Printed by
Aarna Printing Solutions, Patiala
99148-40666

ISBN : 978-81-938126-9-3

₹ 150/-
$ 10

## ਸਮਰਪਿਤ



*ਪਿਤਾ ਸਵ: ਅਵਤਾਰ ਸਿੰਘ ਪਵਾਰ ਜੀ*
*ਨੂੰ*

ਚੜਦੀ ਉਮਰੇ
ਬਾਪ ਤੁਰ ਗਿਆ
ਛੱਡ ਕੇ ਬਾਲ ਨਿਆਣੇ
ਨਾ ਕਿਸੇ ਨੇ ਲਾਡ ਲਡਾਏ
ਨਾ ਹੀ ਦੁੱਖ ਵੰਡਾਏ
ਪਿਆਰ ਵਿਹੂਣੇ,
ਰਹਿ ਗਏ ਜਿਹੜੇ
ਉਹਨਾ ਦੇ,
ਕੌਣ ਦਿਲਾਂ ਦੀਆਂ ਜਾਣੇ
ਕਿੱਦਾਂ ਮਨ ਸਮਝਾਈਏ ਰੱਬਾ
ਤੇਰੀਆਂ ਤੂੰ ਹੀ ਜਾਣੇ
ਬਿਨ ਹਾਏ ਮਾਪਿਆਂ ਦੇ
ਨਾ ਕੋਈ ਦੂਜਾ ਦਰਦ ਪਛਾਣੇ ....!!
ਬਿਨ ਹਾਏ ਮਾਪਿਆਂ ਦੇ
ਨਾ ਕੋਈ ਦੂਜਾ ਦਰਦ ਪਛਾਣੇ .......!!

## ਇਸੇ ਕਲਮ ਤੋਂ...

- ✪ 'ਜ਼ਿੰਦਗੀ' (ਕਾਵਿ-ਸੰਗ੍ਰਹਿ) 2011
- ✪ 'ਐ ਹਵਾ' (ਕਾਵਿ-ਸੰਗ੍ਰਹਿ) 2013

# ਤਤਕਰਾ


✪ ਮੇਰੇ ਵੱਲੋਂ 7
✪ ਮਟਕ-ਮਟਕ ਤੁਰੀਆਂ ਕਵਿਤਾਵਾਂ 9

1. ਤਲ਼ੀ ਤੇ ਧਰ ਕੇ ਆਵੀਂ ਸੱਜਣਾ 13
2. ਖਿਲਵਾੜ 14
3. ਦਿਲ ਦੇ ਵਲ਼ਵਲ਼ੇ 16
4. ਨੈਣਾਂ ਵਾਲ਼ੇ ਕੋਏ 18
5. ਅਜਮਾਇਸ਼ 19
6. ਆਹ ਲੈ ਆਪਣੇ.. 20
7. ਅੱਖਰ 22
8. ਦੱਸੀਂ 24
9. ਕੈਨਵਸ 25
10. ਦਿਲ ਤਾਂ ਕਰਦੈ 26
11. ਕਸ਼ਮਕਸ਼ 28
12. ਜੰਜੀਰਾਂ 31
13. ਉੱਚੇ ਚੁਬਾਰੇ 32
14. ਸੋਚ ਦੀ ਪਰਵਾਜ 34
15. ਕੀ ਕਰਾਂ 35
16. ਕੋਸ਼ਿਸ਼ 36
17. ਆ ਚੱਲ ਚੱਲੀਏ ਓਥੇ 38
18. ਜਿਸਮ 41
19. ਸੁਣ ਦਿਲਾ 43
20. ਪਲ 44
21. ਉਦਾਸ ਕਿਉਂ? 46
22. ਆਸ 49
23. ਨੇਲ ਆਰਟ 51
24. ਮੇਰਾ ਵਜੂਦ 53
25. ਗ਼ਜ਼ਲ ਲਿਖੀਂ 55
26. ਦੱਸੀਂ ਵੇ 56

27. ਹੁਣ ਮੈਂ / 57
28. ਪੈਂਡੇ / 59
29. ਕਾਫ਼ਲਾ / 61
30. ਸੱਜਣ ਜੀ... / 62
31. ਧਰਵਾਸ / 64
32. ਮਿੱਟੀ ਦੇ ਬੁੱਤ / 66
33. ਕਮਲ਼ਿਆ / 68
34. ਇੱਜ਼ਤ / 69
35. ਤੂੰ ਤੇ ਮੈਂ / 71
36. ਤੇ ਮੈਂ ਗੁੰਮ ਹਾਂ.....!! / 73
37. ਔਰਤ ਕਦੇ ਬੁੱਢੀ ਨਹੀਂ ਹੁੰਦੀ/75
38. ਮੈਂ ਕਦੋਂ / 77
39. ਉਹ ਕਹਿੰਦਾ / 78
40. ਮੇਰੇ ਅੰਦਰ / 79
41. ਵਕਤ ਦਾ ਚਲਣ / 81
42. ਫ਼ਕੀਰੀ / 82
43. ਪੈਗਾਮ / 83
44. ਵਿਰਲਾਪ / 84
45. ਦੁਆ ਕਰੋ ਕੋਈ / 86
46. ਪ੍ਰਦੂਸ਼ਣ / 87
47. ਬੇਵੱਸ / 88
48. ਬੰਨ੍ਹ ਸਬਰਾਂ ਦੇ / 90
49. ਧੀਆਂ / 92
50. ਦਿਲ ਦੀ ਕਿਤਾਬ / 93
51. ਕਵਿਤਾ / 94
52. ਤਲਾਸ਼ / 96
53. ਰੂਹ / 98
54. ਮੇਰੇ ਜਜ਼ਬਾਤ / 99
55. ਆਜ਼ਾਦੀ / 101
56. ਚੁੱਪ ਦੀ ਚੀਕ / 103
57. ਉਂਝ ਹੀ / 104
58. ਦਿਲ ਕਰਦਾ ਏ / 106
59. ਵੀਰਾਨ ਰਾਹਾਂ / 108
60. ਗੀਤ / 109
61. ਸੁੰਨੀਆਂ ਜੂਹਾਂ / 111
62. ਗੀਤ / 113
63. ਗੀਤ / 115
64. ਗੀਤ / 117
65. ਗੀਤ / 119
66. ਦੋਹੇ / 121
67. ਟੱਪੇ / 122

# ਮੇਰੇ ਵੱਲੋਂ

ਮੈਂ ਬਹੁਤ ਕੁਝ ਨਹੀਂ ਲਿਖਾਂਗੀ ਆਪਣੇ ਬਾਰੇ, ਸਹਿਜ ਸੁਭਾਅ ਹੀ ਅੱਖਰਾਂ ਮਗਰ ਤੁਰ ਪੈਂਦੀ ਹਾਂ। ਪਤਾ ਨਹੀਂ ਲੱਗਦਾ ਕਦ ਟੱਪੇ, ਕਵਿਤਾ, ਗੀਤ, ਬੋਲੀਆਂ ਜਾਂ ਕਿਸੇ ਵਾਰਤਕ ਵੱਲ। ਲਿਖਣਾ ਹੁਣ ਟੈਕਨੋਲੌਜੀ ਹੋਣ ਕਾਰਨ ਹੋਰ ਵੀ ਸੌਖਾ ਹੋ ਗਿਆ ਹੈ। ਜਿੱਥੇ ਦਿਲ ਕੀਤਾ ਫੋਨ ਕੱਢ ਕੇ ਲਿਖ ਲਿਆ ਤੇ ਨਾਲ਼ ਦੀ ਨਾਲ਼ ਇਸਨੂੰ ਸਾਂਭ ਵੀ ਲਿਆ।

ਮੇਰਾ ਲਿਖਣ ਦਾ ਸਫ਼ਰ ਉਦੋਂ ਸ਼ੁਰੂ ਹੋਇਆ, ਜਦੋਂ ਮੈਂ ਕੈਨੇਡਾ ਆਈ, ਸ਼ੁਰੂ ਵਿੱਚ ਆਪਣੇ ਆਪ ਨੂੰ ਬਹੁਤ ਇਕੱਲਿਆਂ ਮਹਿਸੂਸ ਕਰਨਾ, ਥੋੜ੍ਹਾ ਚਿਰ ਪੜ੍ਹੀ ਤੇ ਨਾਲ਼ ਜੌਬ ਕਰਨੀ ਸ਼ੁਰੂ ਕੀਤੀ।

ਪੰਜਾਬ ਹੁੰਦਿਆਂ ਸਾਡਾ ਘਰ ਪਿੰਡੋਂ ਬਾਹਰ ਹੁੰਦਾ ਸੀ, ਖੂਹ ਤੇ। ਏਥੇ ਆ ਕੇ ਵੀ, ਸਾਰੀ ਸਾਰੀ ਰਾਤ ਸੁਫ਼ਨਿਆਂ 'ਚ ਆਪਣੇ ਘਰ ਘੁੰਮਦੀ ਰਹਿੰਦੀ ਸੀ। ਸ਼ੁਰੂ ਤੋਂ ਹੀ ਬਹੁਤੀ ਕਦੇ ਦਿਲ ਦੀ ਗੱਲ ਕਿਸੇ ਨਾਲ਼ ਸਾਂਝੀ ਨਹੀਂ ਸੀ ਕਰਦੀ, ਉਦੋਂ ਤੋਂ ਹੀ ਸ਼ਾਇਦ ਲਿਖਣ ਵੱਲ ਰੁਝਾਨ ਵਧਿਆ ਸੀ। ਮੇਰਾ ਲਿਖਣ ਦਾ ਸਫ਼ਰ ਇੱਕਲਾਪੇ ਤੋਂ ਸ਼ੁਰੂ ਹੋਇਆ ਤੇ ਸੋਸ਼ਲ ਮੀਡੀਏ ਰਾਹੀਂ ਅੱਗੇ ਫੈਲਿਆ, ਜਿਸ ਦੀ ਬਦੌਲਤ ਮੇਰੀ ਪਹਿਲੀ ਕਿਤਾਬ "ਜ਼ਿੰਦਗੀ" 2011 ਵਿੱਚ ਛਪੀ ਤੇ ਦੂਸਰੀ ਕਿਤਾਬ "ਐ ਹਵਾ" 2013 ਵਿੱਚ ।

ਜਦੋਂ ਮੈਂ 9 ਸਾਲ ਦੀ ਸੀ ਤਾਂ ਮੇਰੇ ਪਿਤਾ ਜੀ ਦੀ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਨਾਲ਼ ਮੌਤ ਹੋ ਗਈ। ਸ਼ਾਇਦ ਉਸ ਤੋਂ ਬਾਅਦ ਮੈਂ ਕਦੇ ਵੀ ਦੁਬਾਰਾ ਉਹ ਬਚਪਨ ਵਾਲ਼ੀ ਸ਼ਰਾਰਤੀ ਕੁੜੀ ਨਹੀਂ ਸੀ ਰਹੀ। ਆਪਣੇ ਆਪ 'ਚ ਰਹਿੰਦੀ ਸੰਗਾਊ ਜਿਹੀ ਤੇ ਲੜਾਕੀ ਜਿਹੀ ਵੀ। ਜਦੋਂ ਘਰੇ ਕੋਈ ਆਉਣਾ ਮੈਂ ਸਤਿ ਸ਼੍ਰੀ ਅਕਾਲ ਬੁਲਾਉਣ ਦੀ ਮਾਰੀ ਮੰਜੇ ਥੱਲੇ ਲੁੱਕ ਜਾਂਦੀ ਸੀ।

ਮੇਰੀ ਜ਼ਿੰਦਗੀ 'ਚ ਮੇਰੇ ਪਿਤਾ ਜੀ ਦੀ ਕਮੀ ਹਰ ਪਲ, ਹਰ ਮੋੜ ਤੇ ਰੜਕਦੀ ਰਹੀ, ਕੁਝ ਵੀ ਹੁੰਦਾ ਤਾਂ ਇਹ ਹੀ ਕਹਿੰਦੀ ਸੀ, ਕਿ ਕਾਸ਼ ਮੇਰੇ ਪਿਤਾ ਜੀ ਜਿਉਂਦੇ ਹੁੰਦੇ ਤਾਂ ਇੰਝ ਨਹੀਂ ਇੰਝ ਹੋਣਾ ਸੀ। ਸ਼ਾਇਦ ਪਿਤਾ ਜੀ ਦੇ ਉਸ ਪਿਆਰ ਦੁਲਾਰ ਦੀ ਕਮੀ ਜ਼ਿੰਦਗੀ 'ਚ ਕਦੇ ਵੀ ਪੂਰੀ ਨਹੀਂ ਹੋਈ। ਕੁਝ ਇੱਕ ਯਾਦਾਂ ਤੋਂ ਇਲਾਵਾ ਮੇਰੇ ਕੋਲ਼ ਹੈ ਵੀ ਕੀ ਸੀ ਭਲਾ, ਨਾ ਚਾਹੁੰਦਿਆਂ ਹੋਇਆਂ ਵੀ ਮੇਰੀਆਂ ਕਵਿਤਾਵਾਂ 'ਚ ਉਹ ਅੰਦਰਲਾ ਦਰਦ ਆਪ ਮੁਹਾਰੇ ਮੂਹਰੇ ਹੋ ਤੁਰ ਪੈਂਦਾ ਹੈ।

ਫੇਸਬੁੱਕ ਤੇ ਸੋਸ਼ਲ ਮੀਡੀਏ ਰਾਹੀਂ ਦੋਸਤਾਂ, ਸਹੇਲੀਆਂ ਨੇ ਭਰਵਾਂ ਹੁੰਗਾਰਾ ਤੇ ਅਥਾਹ ਪਿਆਰ ਦਿੱਤਾ। ਮੇਰੇ ਪਰਿਵਾਰ ਨੇ ਕਦੇ ਮੈਨੂੰ ਲਿਖਣ ਤੋਂ ਨਹੀਂ ਰੋਕਿਆ, ਸ਼ਾਇਦ ਇਸੇ ਕਰਕੇ ਹੀ, ਮੈਂ ਕਦੇ ਪਿੱਛੇ ਮੁੜਕੇ ਨਹੀਂ ਦੇਖਿਆ।

ਮੈਂ ਆਪ ਸਭ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੀ ਹਾਂ ਜਿਨ੍ਹਾ ਨੇ ਮੈਨੂੰ ਪੜ੍ਹਿਆ, ਮੈਨੂੰ ਹੋਰ ਲਿਖਣ ਲਈ ਪ੍ਰੇਰਿਆ, ਮੇਰੀ ਲਿਖਤ ਨੂੰ ਸਲਾਹਿਆ ਤੇ ਮੇਰੀਆਂ ਕਮੀਆਂ ਤੋਂ ਮੈਨੂੰ ਜਾਣੂ ਕਰਵਾਇਆ। ਤੁਹਾਡੇ ਸਹਿਯੋਗ ਤੋਂ ਬਿਨਾ ਸ਼ਾਇਦ ਇਹ ਬਿਲਕੁਲ ਸੰਭਵ ਨਹੀ ਸੀ।

- ***ਬਲਵੀਰ ਢਿੱਲੋਂ***
ਡੈਲਟਾ, ਬੀ ਸੀ..!!



# ਮਟਕ-ਮਟਕ ਤੁਰੀਆਂ ਕਵਿਤਾਵਾਂ

ਮੇਰੀ ਨਜ਼ਰੇ ਕਵਿਤਾਵਾਂ ਅਤੇ ਕਣੀਆਂ ਦਾ ਇੱਕੋ ਸੁਭਾਅ ਹੈ। ਕਣੀਆਂ ਧਰਤੀ ਦਾ ਤਪਦਾ ਪਿੰਡਾ ਠਾਰਦੀਆਂ ਹਨ, ਜਦ ਕਿ ਕਵਿਤਾਵਾਂ, ਆਪਣੀ ਹੀ ਧੁੱਪ ਨਾਲ਼ ਸੜਦੇ ਇਨਸਾਨੀ ਮਨ ਨੂੰ ਠੰਢਕ ਦਿੰਦੀਆਂ ਹਨ। ਕਿਤਾਬ 'ਸੋਚ ਦੀ ਪਰਵਾਜ਼' ਵਿਚਲੀਆਂ ਕਵਿਤਾਵਾਂ ਵੀ ਇੱਕ ਅਜਿਹੀ ਛਹਿਬਰ ਹੈ ਜੋ ਸਾਡੀ ਮਾਣਮੱਤੀ ਸ਼ਾਇਰਾ ਬਲਵੀਰ ਢਿੱਲੋਂ ਨੇ ਇੱਕ ਪਰਉਪਕਾਰੀ ਬੱਦਲ਼ੀ ਬਣ ਕੇ ਲਾਈ ਹੈ। ਇਸ ਕਿਤਾਬ ਦੀ ਆਮਦ ਨੇ ਕਵਿਤਾ ਦੇ ਬਹਿਸ਼ਤੀ ਸੰਸਾਰ ਨੂੰ ਹੋਰ ਵੀ ਖ਼ੂਬਸੂਰਤ ਬਣਾ ਦਿੱਤਾ ਹੈ। ਬਲਵੀਰ ਦੀਆਂ ਕਵਿਤਾਵਾਂ ਕਿਸੇ ਨਵ-ਵਿਆਹੀ ਵਾਂਗ ਮਟਕ-ਮਟਕ ਕੇ ਤੁਰਦੀਆਂ ਹਨ ਅਤੇ ਪਾਠਕ ਸੁਤੇਸਿਧ ਹੀ ਇਨ੍ਹਾਂ ਦੇ ਸ਼ਬਦੀ ਤਲਿੱਸਮ ਵਿੱਚ ਗੁਆਚ ਜਾਂਦਾ ਹੈ। ਕਵਿਤਾ ਨੂੰ ਪਰਿਭਾਸ਼ਿਤ ਕਰਦੀ ਹੋਈ ਸ਼ਾਇਰਾ ਆਖਦੀ ਹੈ:

ਕਵਿਤਾ ਇਕੱਲੀਆਂ
ਭਾਵਨਾਵਾਂ ਨਾਲ਼ ਹੀ ਨਹੀਂ ਲਿਖੀ ਜਾਂਦੀ
ਜ਼ਿੰਦਗੀ ਦੀਆਂ ਤਲਖ਼ ਸੱਚਾਈਆਂ
ਖ਼ੁਦ ਆਪ
ਕਵਿਤਾ ਬਣ ਵਿਚਰਦੀਆਂ ਨੇ
ਉਹ ਕਵਿਤਾਵਾਂ ਕਦੇ
ਭਾਵਨਾਵਾਂ ਤੋਂ ਵਿਹੂਣੀਆਂ ਨਹੀਂ ਹੁੰਦੀਆਂ
ਜੋ ਦੁੱਖ- ਦਰਦ
ਸ਼ੋਰ ਸ਼ਰਾਬੇ
ਤੇ ਕਦੇ ਮੌਨ ਵਰਤ ਵਿੱਚੋਂ ਦੀ
ਗੁਜ਼ਰਦਿਆਂ ਕਾਗ਼ਜ਼ ਤੇ
ਉੱਤਰਦੀਆਂ ਨੇ।
ਇਹ ਉਹੀ ਕਵਿਤਾ ਹੈ....!!

ਬਲਵੀਰ ਦੇ ਖ਼ਿਆਲਾਂ ਦਾ ਮਿਜ਼ਾਜ ਹਰ ਕਵਿਤਾ ਅੰਦਰ ਹੀ ਬਦਲਿਆ ਨਜ਼ਰ ਆਉਂਦਾ ਹੈ। ਇਸ ਕਿਤਾਬ ਅੰਦਰ ਉਸ ਨੇ ਤਕਰੀਬਨ ਹਰ ਮੂਡ ਦੀ ਹੀ ਕਵਿਤਾ ਲਿਖੀ ਹੈ, ਜਿਨ੍ਹਾਂ ਵਿੱਚ ਪੁਕਾਰਾਂ ਰੋਸੇ, ਝੋਰੇ, ਗਿਲੇ, ਨਸੀਹਤਾਂ, ਸੁਪਨੇ, ਦ੍ਰਿੜ

ਨਿਸ਼ਚਾ, ਫ਼ਿਕਰ, ਉਦਾਸੀ, ਪਿਆਰ, ਨਫ਼ਰਤ ਅਤੇ ਹੋਰ ਕਈ ਰੰਗ ਸ਼ਾਮਲ ਹਨ। ਇਸ ਤਰ੍ਹਾਂ ਇਹ ਕਿਤਾਬ ਰੰਗ-ਬਰੰਗੇ ਕਾਵਿਕ ਫੁੱਲਾਂ ਦਾ ਗੁਲਦਸਤਾ ਹੋ ਨਿੱਬੜਦੀ ਹੈ। ਜਿਵੇਂ:

ਸਾਡੇ ਨੈਣਾਂ ਵਾਲ਼ੇ ਕੋਏ
ਕਿੰਨੇ ਹੋਰ ਗੂੜ੍ਹੇ ਹੋਏ
ਅਸੀਂ ਝੱਲਿਆਂ ਦੇ ਵਾਂਗ
ਤੇਰੇ ਜਾਣ ਪਿੱਛੋਂ ਰੋਏ।

ਮੈਂ ਅਧੂਰੀ ਹਾਂ
ਇਹ ਤੂੰ ਕੀ ਸਮਝੇਂ
ਤੂੰ ਕੀ ਜਾਣੇ ਇਹ ਅਹਿਸਾਸ
ਅੱਗ ਦਾ ਸੇਕ
ਅੱਗ ਤੋਂ ਦੂਰ ਰਹਿ ਕੇ
ਕਦੇ ਨਹੀਂ ਆਉਂਦਾ....!!

ਬਲਵੀਰ ਦੀ ਕਵਿਤਾ ਉਸ ਦੇ ਆਲ਼ੇ-ਦੁਆਲ਼ੇ 'ਚੋਂ ਉਪਜਦੀ ਹੈ ਇਸ ਲਈ ਇਹ ਪਰਿਵਾਰਕ ਅਤੇ ਸਮਾਜਿਕ ਸਰੋਕਾਰਾਂ ਤੋਂ ਵੀ ਅਛੂਤੀ ਨਹੀਂ ਹੈ। ਉਸ ਦੀਆਂ ਕਵਿਤਾਵਾਂ ਅਤੇ ਗੀਤ, ਸਮਾਜਿਕ ਕਦਰਾਂ-ਕੀਮਤਾਂ ਦੇ ਹੋ ਰਹੇ ਪਤਨ ਅਤੇ ਰਿਸ਼ਤਿਆਂ ਦੇ ਪੇਤਲੇਪਣ ਦੀ ਬਾਤ ਪਾਉਂਦੇ ਹਨ। ਉਸ ਦੇ ਸ਼ਬਦ ਨਿਧੜਕ ਹੋ ਕੇ ਵਿਚਰਦੇ ਹਨ। ਕਿਤੇ ਕਿਤੇ ਉਹ ਆਪਣੇ ਸ਼ਬਦਾਂ ਰਾਹੀਂ ਅੱਗ ਨਾਲ਼ ਖੇਡਦੀ ਪ੍ਰਤੀਤ ਹੁੰਦੀ ਹੈ।

ਵੀਰਾਂ ਨੇ ਘਰ ਬਾਰ ਵੰਡ ਲਏ
ਕਿਉਂ ਦੁੱਖ ਸਾਡੇ ਹਿੱਸੇ ਵਿੱਚ ਆਏ
ਹਾਏ ਮਾਂ ਵੀ ਪੁੱਤਾਂ ਵੱਲ ਹੋ ਗਈ
ਸਾਡੇ ਕਿਸੇ ਨੇ ਵੀ ਲਾਡ ਨਾ ਲਡਾਏ
ਨੀ ਕੀਹਨੂੰ ਹਾਏ ਖੋਲ੍ਹ ਦੱਸੀਏ
ਅਸਾਂ ਕਿਹੋ ਜਿਹੇ ਲੇਖ ਲਿਖਾਏ

ਕੋਈ ਮੋੜ ਲਿਆਵੋ ਵਿਰਸਾ
ਨੰਗਾ ਨਾਚ ਸਟੇਜੀਂ ਚਰਚਾ
ਲੱਚਰ ਗੀਤਾਂ ਤੇ ਅਸਲਾ ਭਾਰੂ
ਅੱਜਕੱਲ੍ਹ ਹੋਇਆ ਬਹੁਤਾ ਮਾਰੂ



ਆਓ ਜੀ ਕਰੀਏ ਕੋਈ ਹੀਲਾ
ਬਚਾਈਏ ਸੁਥਰੀ ਸੋਚ ਉਡਾਰੂ ਨੂੰ
ਆਓ ਜੀ, ਕਰੀਏ ਕੋਈ ਹੀਲਾ

ਇਨਸਾਨੀ ਜਜ਼ਬਾਤ ਦਾ ਟਕਰਾਓ, ਜਿੱਥੇ ਜੀਵਨ ਵਿੱਚ ਉੱਥਲ਼-ਪੁੱਥਲ਼ ਮਚਾ ਦਿੰਦਾ ਹੈ, ਉੱਥੇ ਹੀ ਇਹ ਕਵਿਤਾ ਦਾ ਸਬੱਬ ਵੀ ਬਣਦਾ ਹੈ। ਬਲਵੀਰ ਢਿੱਲੋਂ, ਕਵਿਤਾ ਵਿੱਚ ਬਿੰਬਾਂ ਅਤੇ ਤਸ਼ਬੀਹਾਂ ਦੀ ਅਹਿਮੀਅਤ ਸਮਝਦੇ ਹੋਏ, ਰਮਜ਼ ਵਿੱਚ ਗੱਲ ਕਰਨੀ ਜਾਣਦੀ ਹੈ। ਕਵਿਤਾ ਦੇ ਨਾਲ਼ ਕਵਿਤਾ ਹੋ ਕੇ ਜਦ ਉਹ ਆਪਣੇ ਅੰਦਰ ਉੱਤਰਦੀ ਹੈ ਤਾਂ ਭਾਵ-ਅਰਥਾਂ ਵਿੱਚ, ਸ਼ਬਦ-ਅਰਥਾਂ ਨਾਲੋਂ ਵੱਧ ਜਾਨ ਪਾ ਦਿੰਦੀ ਹੈ। ਅਗਲੀਆਂ ਸਤਰਾਂ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਉਸ ਦੀ ਕਵਿਤਾ ਆਪਣੇ ਨਾਲ਼-ਨਾਲ਼ ਤੁਰਦੇ ਪਾਠਕ ਨੂੰ ਧੁਰ ਅੰਦਰ ਤੱਕ ਕਿਵੇਂ ਝੰਜੋੜ ਸਕਦੀ ਹੈ :

ਕੁਈਨ ਸਾਈਜ਼ ਬੈੱਡ ਦੀ
ਜਗ੍ਹਾ ਹੁਣ ਕਿੰਗ ਸਾਈਜ਼
ਬੈੱਡ ਨੇ ਲੈ ਲਈ
ਉਦੋਂ ਦਾ ਇਹ ਫ਼ਾਸਲਾ
ਥੋੜ੍ਹਾ ਹੋਰ ਵਧ ਗਿਆ
ਇੱਕ ਕੋਨੇ ਤੇ
ਤੂੰ ਪਾਸਾ ਵੱਟੀ ਪਿਆ
ਤੇ ਇੱਕ ਕੋਨੇ ਤੇ ਮੈਂ...!!

ਕੁਦਰਤ ਨਾਲ਼ ਇਕਸੁਰਤਾ ਕਿਸੇ ਵੀ ਸ਼ਾਇਰ ਦੀ ਵੱਡੀ ਪ੍ਰਾਪਤੀ ਹੁੰਦੀ ਹੈ। ਬਲਵੀਰ ਦੀਆਂ ਕਵਿਤਾਵਾਂ ਵਿਚਲਾ ਸੂਫ਼ੀਆਨਾ ਰੰਗ, ਉਸ ਦੇ ਰੱਬ ਉਤਲੇ ਯਕੀਨ ਦੀ ਪ੍ਰੋੜ੍ਹਤਾ ਕਰਦਾ ਹੈ। ਮੁਕੰਮਲ ਸਮਰਪਣ ਦੀ ਸ਼ਾਹਦੀ ਭਰਦੀ ਹੋਈ, ਉਸ ਦੀ ਇੱਕ ਕਵਿਤਾ ਦੀਆਂ ਕੁੱਝ ਸਤਰਾਂ ਇਸ ਤਰ੍ਹਾਂ ਹਨ:

ਮੈਂ ਤਾਂ ਬੱਸ
ਇੱਕ ਗੱਲ ਇਹ ਸਿੱਖੀ
ਮੇਰੇ ਵੱਸ ਕੁੱਝ
ਹੈ ਨਹੀਂ
ਹੁੰਦਾ ਉਹੀ
ਜੋ ਹੈ ਤੈਨੂੰ ਭਾਉਂਦਾ
ਬੰਦਾ ਤਾਂ ਬੱਸ ਮੇਰੀ "ਮੈਂ"

ਵਿੱਚ ਫਸਿਆ
ਬਾਹਰ ਨਹੀਂ ਆਉਂਦਾ

ਇਸ ਤਰ੍ਹਾਂ 'ਸੋਚ ਦੀ ਪਰਵਾਜ਼' ਪੜ੍ਹਦਿਆਂ ਪੜ੍ਹਦਿਆਂ ਤੁਸੀਂ ਕਾਵਿਕ ਵਿਸਮਾਦ ਅੰਦਰ ਗੁਆਚਦੇ ਚਲੇ ਜਾਂਦੇ ਹੋ। ਸ਼ਾਇਰਾ ਕੋਲ ਕਮਾਲ ਦਾ ਸ਼ਬਦ-ਸੁਹਜ ਹੈ। ਕਵਿਤਾ, ਗੀਤ, ਟੱਪੇ ਆਦਿ, ਸਭ ਸਿਨਫ਼ਾਂ ਹੀ ਉਸ ਦੀ ਕਲਮ ਦਾ ਪਾਣੀ ਭਰਦੀਆਂ ਪ੍ਰਤੀਤ ਹੁੰਦੀਆਂ ਹਨ। ਕਿਤਾਬ ਦਾ ਪਾਠ ਸਮਾਪਤ ਹੋਣ ਮਗਰੋਂ ਪਾਠਕ ਨੂੰ ਸੈਆਂ ਤੀਰਥ ਨਹਾ ਆਉਣ ਜਿਹਾ ਅਹਿਸਾਸ ਹੁੰਦਾ ਹੈ। ਇਸ ਕਿਤਾਬ ਨੂੰ ਗਹੁ ਨਾਲ਼ ਪੜ੍ਹੀਏ ਤਾਂ ਸਾਨੂੰ ਆਪਣੇ ਹਜ਼ਾਰਾਂ ਬੇਜੁਆਬੇ ਸੁਆਲਾਂ ਦੇ ਜੁਆਬ ਮਿਲ ਜਾਂਦੇ ਹਨ। ਕਾਵਿਕ ਅਨੰਦ ਦੇਣ ਦੇ ਨਾਲ਼-ਨਾਲ਼ ਪਾਠਕ ਨੂੰ ਬੌਧਿਕ ਚਿੰਤਨ ਵੱਲ ਤੋਰਦੀ ਇਸ ਕਿਤਾਬ ਦਾ, ਮੈਂ ਪੰਜਾਬੀ ਸਾਹਿਤ ਜਗਤ ਵਿੱਚ ਸੁਆਗਤ ਕਰਦਾ ਹਾਂ ਅਤੇ ਪਾਠਕਾਂ ਨੂੰ ਇਹ ਕਿਤਾਬ ਪੜ੍ਹਨ ਦੀ ਭਰਪੂਰ ਗੁਜ਼ਾਰਿਸ਼ ਕਰਦਾ ਹਾਂ।

- ***ਰਾਜਵੰਤ ਰਾਜ***
ਸਰੀ ਬੀ ਸੀ



## ਤਲ਼ੀ ਤੇ ਧਰ ਕੇ ਆਵੀਂ ਸੱਜਣਾ

ਤਲ਼ੀ ਤੇ ਧਰ ਕੇ ਆਵੀਂ ਸੱਜਣਾ
ਜੇ ਤੂੰ ਲਾਈਆਂ ਸਾਡੇ ਨਾਲ਼
ਖੜਨਾ ਹੋਇਆ ਨਾਲ਼ ਖੜੀਂ
ਨਹੀ ਲਾ ਲੈ, ਜਾ ਕੇ ਗ਼ੈਰਾਂ ਨਾਲ਼..!!

ਪਿਆਰ ਕਰਾਂਗੇ ਜਾਨੋ ਵੱਧ ਕੇ
ਇੱਕ ਵਾਰੀ ਹੱਥ ਫੜ ਕੇ ਵੇਖੀਂ
ਤੇਰੀ ਰੂਹ ਨੂੰ ਪਿਆਰ ਹੈ ਕੀਤਾ
ਨਹੀ ਕੀਤਾ ਮਿੱਟੀ ਢਾਰਿਆਂ ਨਾਲ਼..!!

ਨੈਣਾਂ ਵਿੱਚ ਉਨੀਂਦਰ ਰੱਖ ਕੇ
ਕੱਟੀਆਂ ਕਾਲ਼ੀਆਂ ਰਾਤਾਂ ਜਾਗ
ਅਸਾਂ ਬਰੂਹਾਂ ਦੇ ਵਿੱਚ ਰੱਖੇ,
ਨਿੱਤ ਹਿਜਰਾਂ ਦੇ ਦੀਵੇ ਬਾਲ਼...!!

ਸਾਨੂੰ ਨਾ ਭਰਮਾਉਣਾ ਆਇਆ
ਪਾ ਪਾ ਮਿੱਠੜੇ ਸ਼ਬਦਾਂ ਦੇ ਜਾਲ਼
ਦਿਲ ਦੀਆਂ ਦਿਲ ਨੂੰ ਸਾਰਾਂ ਨਹੀਂ ਜੇ
ਕੀ ਕਰਨੇ ਦੀਵੇ ਇਸ਼ਕਾਂ ਦੇ ਬਾਲ਼ ...!!

ਤਲ਼ੀ ਤੇ ਧਰ ਕੇ ਆਵੀਂ ਸੱਜਣਾ
ਜੇ ਤੂੰ ਲਾਈਆਂ ਸਾਡੇ ਨਾਲ਼
ਖੜਨਾ ਹੋਇਆ ਨਾਲ਼ ਖੜੀਂ
ਨਹੀ ਲਾ ਲੈ, ਜਾ ਕੇ ਗ਼ੈਰਾਂ ਨਾਲ਼..!!
o

## ਖਿਲਵਾੜ

ਅਸੀਂ ਖਿਲਵਾੜ ਕਰਦੇ ਹਾਂ,
ਕੁਦਰਤ ਨਾਲ਼
ਕੁਦਰਤ ਦਿਆਂ ਰੰਗਾਂ ਨਾਲ਼
ਇਨਸਾਨਾਂ ਨਾਲ਼
ਜਜ਼ਬਾਤਾਂ ਨਾਲ਼
ਮਜ਼ਹਬਾਂ ਨਾਲ਼
ਅਸੀਂ ਖਿਲਵਾੜ ਕਰਦੇ ਹਾਂ
ਖ਼ੁਦ ਨਾਲ਼
ਅਸੀਂ ਏਨਾਂ ਨੀਵਾਂ ਡਿੱਗ ਗਏ ਹਾਂ
ਕਿ ਇੱਕ ਵਾਰ ਨਹੀ ਸੋਚਦੇ
ਇੱਕ ਵਾਰ ਸਾਡੇ ਹੱਥ ਨਹੀਂ ਕੰਬਦੇ
ਅਸੀਂ ਮਾਰਦੇ ਹਾਂ ਕੁੱਖਾਂ 'ਚ
ਅਣਜੰਮੀਆਂ ਧੀਆਂ
ਇੱਕ ਵਾਰ ਨਹੀਂ ਸੋਚਦੇ
ਪਾਪ ਕਰਨ ਲੱਗਿਆਂ
ਨਹੀਂ ਸੋਚਦੇ
ਕੁਕਰਮ ਕਰਨ ਲੱਗਿਆਂ
ਤੇਜ਼ਾਬ ਸੁੱਟਣ ਤੋਂ ਪਹਿਲਾਂ
ਦਾਜ ਖਾਤਿਰ,
ਅੱਗ ਲਾਉਣ ਲੱਗਿਆਂ
ਅਸੀਂ ਹੀ ਤਾਂ ਹਾਂ
ਮਖੌਟੇ ਪਾਈ ਬੈਠੇ
ਦਿਨਾਂ ਨੂੰ ਚਿੱਟੇ ਚੋਲ਼ੇ
ਰਾਤਾਂ ਨੂੰ ਰੰਗੀਨੀਆਂ 'ਚ ਗਰਕੇ
ਪ੍ਰਚਾਰ ਕਰਦੇ ਹਾਂ
ਸਾਫ਼ ਸੁਥਰੇ ਤੇ
ਧਰਮਾਂ ਦੇ ਠੇਕੇਦਾਰ ਹੋਣ ਦਾ ..!!



ਅਸੀਂ ਹਰ ਸ਼ੈਅ ਵਿੱਚੋਂ
ਆਪਣਾ ਸਵਾਰਥ ਭਾਲ਼ਦੇ ਹਾਂ
ਹਰ ਰਿਸ਼ਤੇ ਵਿੱਚੋਂ
ਮਤਲਬ ਕੱਢਦੇ ਹਾਂ
ਗਰਜਾਂ ਨਾਲ਼ ਭਰੇ ਪਏ ਹਾਂ
ਸਾਡੇ ਖ਼ੂਨ,
ਸਫ਼ੈਦ ਤੇ ਠੰਡੇ ਹੋ ਗਏ ਨੇ
ਅਸੀਂ ਹੁਣ ਉਹ ਨਹੀ ਰਹੇ
ਅਸੀਂ ਹੁਣ ਇਨਸਾਨਾਂ ਦੇ ਰੂਪ ਚ
ਬਹੁਰੂਪੀਏ ਬਣ ਗਏ ਹਾਂ
ਸਾਡੀ ਅਣਖ
ਤੇ ਕਦੋਂ ਦੀ ਮਰ ਗਈ
ਤੇ ਸਾਨੂੰ ਇਸ ਗੱਲ ਦੀ
ਭੋਰਾ ਵੀ ਸ਼ਰਮ ਨਹੀਂ ਹੈ
ਅਸੀਂ ਸਭ ਕੁਝ ਕਰਦੇ ਹਾਂ,
ਤੇ ਡਰਦੇ ਹਾਂ ਕੁਦਰਤੀ
ਕਰੋਪੀਆਂ ਤੋਂ
ਅਸੀਂ ਖ਼ੁਦ ਨੂੰ ਰੱਬ
ਤੇ ਰੱਬ ਨੂੰ ਯੱਭ ਕਹਿੰਦੇ ਹਾਂ
ਹਾਂ ਅਸੀਂ ਖਿਲਵਾੜ ਕਰਦੇ ਹਾਂ
ਤੇ ਸ਼ਰੇਆਮ ਕਰਦੇ ਹਾਂ ...!!
o

## ਦਿਲ ਦੇ ਵਲ਼ਵਲ਼ੇ

ਕੁਝ ਤਾਂ ਦਿਲ ਦੇ ਵਲ਼ਵਲ਼ਿਆਂ ਨੇ
ਐਵੇਂ ਹੀ ਸ਼ੋਰ ਮਚਾਇਆ ਹੈ
ਕੁਝ ਜਜ਼ਬਾਤਾਂ ਨੇ
ਸੋਚਾਂ ਦੀ ਸਰਦਲ਼ ਉੱਤੇ
ਐਵੇਂ ਈ ਕਾਬੂ ਪਾਇਆ ਏ..!

ਭਰ ਭਰ ਡੁੱਲਣ ਨੂੰ ਫਿਰਦਾ ਏ
ਕਮਲ਼ਾ ਜਿਹਾ ਦਿਲ
ਕਿੰਝ ਨੈਣਾਂ ਨੇ ਭਰਮਾਇਆ ਏ
ਸਾਵਣ ਰੁੱਤੇ ਕੱਢੇ ਫ਼ਾਕੇ
ਕਿਉਂ ਭਾਦੋਂ ਮੀਂਹ ਵਰਸਾਇਆ ਏ !

ਮੈਂ ਡਾਹਢੇ ਸੰਗ ਲਾ ਬੈਠੀ ਆਂ
ਜਿਸ ਨਾ ਅੱਜ ਤੀਕਰ ਅਪਣਾਇਆ ਏ
ਟੁੱਟਿਆ ਹਾਂ ਧੁਰ ਅੰਦਰੋਂ ਹੁਣ ਤਾਂ
ਜੁੜਦਾ ਨਹੀਂ ਲੱਖ ਕੋਸ਼ਿਸ਼ ਕਰ
ਮੈਂ ਡਾਹਢਾ ਜ਼ੋਰ ਲਗਾਇਆ ਏ...!

ਮੈਂਡੀ ਕੋਈ ਔਕਾਤ ਨਹੀਂ ਏ
ਸਭ ਉਸਦੇ ਨਾਵੇਂ ਲਾਇਆ ਏ
ਮੈਂ ਕੋਝੀ ਮੈਂ ਕਮਲ਼ੀ ਹੋ ਗਈ
ਉਸ ਲਈ ਆਪਣਾ ਆਪ ਮਿਟਾਇਆ ਏ..!



ਉਸਦੀ ਰਹਿਮਤ ਦੂਰ ਬੜੀ ਏ
ਮੈਨੂੰ ਸੋਚਾਂ ਵੀ ਤੜਫਾਇਆ ਏ
ਅੰਦਰੋਂ ਅੰਦਰੀਂ ਝੁਰ ਝੁਰ ਕੇ ਬੱਸ
ਮੈਂ ਆਪਣਾ ਆਪ ਤਪਾਇਆ ਏ ..!

ਖੌਰੇ ਸੋਹਣਾ ਗਲ਼ ਨਾਲ਼ ਲਾ ਲਏ
ਇਹਨਾਂ ਸੋਚਾਂ ਨੇ ਭਰਮਾਇਆ ਏ
ਮੈਂ ਬਿਰਹੋਂ ਦਾ ਰੋਗ ਅਵੱਲੜਾ
ਬੱਸ ਤੇਰੀ ਦੀਦ ਨੂੰ ਲਾਇਆ ਏ,
ਬੱਸ ਤੇਰੀ ਦੀਦ ਨੂੰ ਲਾਇਆ ਏ..!!
o

## ਨੈਣਾਂ ਵਾਲ਼ੇ ਕੋਏ

ਸਾਡੇ ਨੈਣਾਂ ਵਾਲ਼ੇ ਕੋਏ
ਕਿੰਨੇ ਹੋਰ ਗੂੜੇ ਹੋਏ
ਅਸੀਂ ਝੱਲਿਆਂ ਦੇ ਵਾਂਗ
ਤੇਰੇ ਜਾਣ ਪਿੱਛੋਂ ਰੋਏ

ਤੇਰੀ ਸਾਡੀ ਏਹੇ ਸਾਂਝ
ਬਣੀ ਉਮਰਾਂ ਤੋਂ ਆਈ
ਤੇਰੇ ਨਾਲ਼ ਅਸੀਂ ਜਿਉਂਦੇ
ਤੈਥੋਂ ਬਿਨਾਂ ਅਸੀਂ ਮੋਏ

ਸਾਡੀ ਜ਼ਿੰਦਗੀ 'ਚ ਆਇਆ
ਤੇਰੀ ਬੜੀ ਮੇਹਰਬਾਨੀ
ਸਾਨੂੰ ਹਿਜਰਾਂ ਦੇ ਤੋਹਫ਼ੇ
ਅਸੀਂ ਦੁੱਖ ਐਨੇ ਬੋਏ

ਢਿੱਲੋਂ ਵੱਸਦਾ ਰਹੇਂ
ਤੈਨੂੰ ਮੇਰੀਆਂ ਦੁਆਵਾਂ
ਤੇਰੇ ਬਿਨਾ ਸਾਡੀ ਜ਼ਿੰਦਗੀ
ਬਲਵੀਰ ਹਨ੍ਹੇਰੇ ਕਿੰਨੇ ਢੋਏ
o



## ਅਜਮਾਇਸ਼

ਖਫਾ ਨਾ ਹੋ ਐ ਜ਼ਿੰਦਗੀ
ਅਜਮਾਇਸ਼ਾਂ ਦਾ ਦੌਰ ਹੈ
ਮੇਰੇ ਹਿੱਸੇ 'ਚ ਜੋ ਵੀ ਲਿਖਿਆ
ਮਿਲਿਆ ਮੈਨੂੰ..!!

ਮੈਂ ਕਦੋਂ ਠੁਕਰਾਇਆ
ਮੁਕੱਦਰਾਂ ਦਾ ਹਿੱਸਾ
ਅੱਜ ਮੇਰੇ ਹਿੱਸੇ ਹੈ
ਕੱਲ੍ਹ ਕਿਸੇ ਹੋਰ ਦਾ ਹੋਵੇਗਾ...!!
o

## ਆਹ ਲੈ ਆਪਣੇ..

ਆਹ ਲੈ ਆਪਣੇ,
ਝੂਠੇ ਵਾਅਦੇ
ਸਾਥੋਂ ਤੇਰੇ ਨਖ਼ਰੇ
ਹੋਰ ਪੁਗਾਏ ਨਹੀਂ ਜਾਂਦੇ..!!

ਆਹ ਲੈ ਆਪਣੇ
ਝੂਠੇ ਦਾਅਵੇ
ਸਾਥੋਂ ਹੁਣ ਸਿਰ
ਹੋਰ ਝੁਕਾਏ ਨਹੀਂ ਜਾਂਦੇ....!!

ਤੂੰ ਤੇ ਗ਼ੈਰਾਂ ਵਾਂਗੂੰ
ਸਾਨੂੰ ਵਰਤ ਲਿਆ
ਸਾਥੋਂ ਦਿਲ ਦੇ ਦੁੱਖੜੇ,
ਹੋਰ ਵਧਾਏ ਨਹੀਂ ਜਾਂਦੇ ...!!

ਪਲ ਦੋ ਪਲ ਹੀ
ਸਾਡੇ ਵਾਰੇ ਸੋਚਣਾ ਸੀ
ਸਾਥੋਂ ਮਰ-ਮਰ ਕੇ ਹੁਣ
ਗੀਤ ਇਹ ਗਾਏ ਨਹੀਂ ਜਾਂਦੇ..!!

ਵਾਅਦੇ ਕਰ ਕਰ
ਮੁਕਰ ਜਾਂਦੇ ਤੇਰੇ ਜਿਹੇ
ਸਾਥੋਂ ਤੇਰੇ ਨਖ਼ਰੇ-ਨਾਜ਼
ਹੋਰ ਉਠਾਏ ਨਹੀਂ ਜਾਂਦੇ...!!

ਤੂੰ ਤੇ ਗ਼ੈਰਾਂ ਹੱਥੀਂ
ਚੜ੍ਹ ਕੇ ਬਦਲ ਗਿਓਂ
ਸਾਥੋਂ ਤੇਰੇ ਵਾਂਗੂੰ
ਭੇਸ ਵਟਾਏ ਨਹੀਂ ਜਾਂਦੇ....!!



ਕਹਿਣੀ, ਕਰਨੀ ਤੇ
ਜੇਕਰ ਕੋਈ ਖੜ੍ਹਦਾ ਨਈਂ
ਸਾਥੋਂ ਇਹੋ ਜਿਹਿਆਂ ਨਾਲ਼
ਯਾਰਾਨੇ ਲਾਏ ਨਹੀਂ ਜਾਂਦੇ..!!

ਅਸੀਂ ਤੇ ਉੱਡਣਾ ਸਿੱਖਿਆ
ਆਪਣੇ ਦਮ ਤੇ ਹੈ
ਗ਼ੈਰਾਂ ਪਿੱਛੇ ਲੱਗ ਕੇ
ਖੰਭ ਖਿਲਾਰੇ ਨਹੀਂ ਜਾਂਦੇ ..!!

ਢਿੱਲੋਂ ਜੀਣਾ ਸਿੱਖਿਆ
ਸਿਰ ਉੱਚਾ ਕਰਕੇ
ਸਿਰੜਾਂ ਨੂੰ ਦਾਅ ਤੇ ਲਾ ਕੇ
ਸਿਰੜ ਪੁਗਾਏ ਨਹੀਂ ਜਾਂਦੇ ..!!

ਖੜਨਾ ਹੋਵੇ ਜੇਕਰ
ਖੜੀਏ ਸੱਚ ਖ਼ਾਤਰ
ਝੂਠਿਆਂ ਦੇ ਲਈ ਐਵੇਂ ਅਸੂਲ
ਦਾਅ ਤੇ ਲਾਏ ਨਹੀਂ ਜਾਂਦੇ ...!!

ਪਿੱਠ ਪਿੱਛੇ ਜਿਹੜਾ
ਕਰਦਾ ਕੋਈ ਵਾਰ ਹੋਵੇ
ਇਹੋ ਜਿਹੇ ਕਿਰਦਾਰ
ਸੱਜਣ ਬਣਾਏ ਨਹੀਂ ਜਾਂਦੇ ..!!

ਦਿਲ ਦੀਆਂ ਰਮਜ਼ਾਂ ਸਮਝਣ
ਦਿਲ ਦੀਆਂ ਸਾਂਝਾਂ ਵਾਲ਼ੇ
ਗ਼ੈਰਾਂ ਨਾਲ਼ ਤਾਹੀਂਓਂ
ਦਿਲ ਦੇ ਭੇਤ ਵਟਾਏ ਨਹੀਂ ਜਾਂਦੇ ..!!
o

## ਅੱਖਰ

ਅੱਖਰ
ਕਿੰਨਾ ਸ਼ਕਤੀਸ਼ਾਲੀ ਹੈ
ਪਰ ਫੇਰ ਵੀ
ਕਿਤੇ ਨਾ ਕਿਤੇ
ਇਹ ਕੈਦ ਹੈ
ਜਕੜਿਆ ਹੈ
ਭਾਵਨਾਵਾਂ ਤੇ
ਲਿਹਾਜ ਦੀਆਂ ਤੰਦਾ ਵਿਚਕਾਰ !!

ਮੈਂ ਵੀ ਕਿਹੜਾ
ਗੁਲਾਮ ਹਾਂ
ਪਰ
ਆਪਣੇ ਦਿਲ ਦੀ ਗੱਲ
ਫੇਰ ਵੀ ਖੁੱਲ ਕੇ
ਨਹੀਂ ਕਹਿ ਸਕਦਾ
ਮੈਂ ਜਕੜਿਆਂ ਹਾਂ
ਉਹਨਾਂ ਸਮਾਜਿਕ
ਬੰਦਸ਼ਾਂ 'ਚ
ਜੋ ਮੈਨੂੰ
ਨਾ ਹੀ ਅੱਗੇ ਵਧਣ ਦਿੰਦੀਆਂ ਨੇ
ਤੇ ਨਾ ਹੀ ਨਾਲ਼ ਤੁਰਨ ਦਾ
ਵਾਅਦਾ ਕਰਦੀਆ ਨੇ.....!!



ਅਸੀਂ
ਆਪਣੀ ਸੋਚ ਨੂੰ
ਗੁਲਾਮੀ ਦੀਆਂ ਜੰਜੀਰਾਂ
ਵਿੱਚ ਖੁਦ ਜਕੜਦੇ ਹਾਂ
ਖੁਦ ਹੀ ਤੇ ਸੱਚ ਕਹਿਣ, ਸੁਨਣ
ਜਾਂ ਲਿਖਣ ਤੋਂ ਝਿਜਕਦੇ ਹਾਂ
ਅੱਖਰ,
ਕਦੇ ਗੁਲਾਮ ਨਹੀਂ ਹੁੰਦੇ
ਤੇ ਸੋਚ ਵੀ
ਕਦੇ ਦਬਾਇਆਂ ਨਹੀਂ ਦੱਬਦੀ....!!

ਫੇਰ
ਕਿਉਂ ਪਹਿਨਾਈਏ
ਸੋਚ ਨੂੰ ਗੁਲਾਮੀ ਦੀਆਂ ਜੰਜੀਰਾਂ
ਤੇ ਕਿਉਂ ਕਰੀਏ
ਅੱਖਰਾਂ ਨੂੰ ਕੈਦ
ਉਸ ਜੇਲ ਵਿੱਚ ਜਿੱਥੋਂ
ਕਦੇ ਵੀ
ਅਜਾਦ ਸੋਚ ਦੀ
ਸਿਰਜਣਾ ਨਹੀ ਹੁੰਦੀ......!!
o

## ਦੱਸੀਂ

ਤੂੰ ਕਦੇ
ਰੇਗਿਸਤਾਨ ਦੇ
ਤਪਦੇ ਮਾਰੂਥਲਾਂ ਤੇ
ਤੁਰਿਆ ਹੋਵੇ
ਤਾਂ ਦੱਸੀਂ ...!!

ਜਿਵੇਂ ਦਿਲ ਦੇ
ਵੀਰਾਨ ਵਿਹੜੇ
ਅਰਮਾਨਾਂ ਦਾ
ਤਰਸਣਾ
ਇੱਕ ਬੂੰਦ ਲਈ....!!

ਹਰ ਛਿਣ
ਹਰ ਪਲ
ਪਿਆਰ ਬਿਨ ਤਰਸੀਆਂ
ਇਹਨਾਂ ਰੂਹਾਂ ਨੂੰ,
ਕਦੇ ਇਸ ਕਮੀ ਦਾ
ਅਹਿਸਾਸ ਪੁੱਛੀਂ...!!

ਮਾਰੂਥਲ਼ਾਂ ਦੀ
ਤਪਸ਼ ਵਿੱਚ
ਧੁਰ ਅੰਦਰੋਂ ਕੰਬ ਜਾਏਂਗਾ ...!!
o



## ਕੈਨਵਸ

ਰਚ ਲੈਣ ਦੇ ਮੈਨੂੰ
ਇਹਨਾਂ
ਬੇਰੰਗ ਜਿਹੇ ਸਫਿਆਂ ਤੇ
ਇਹ ਮੁਹੱਬਤ ਦਾ ਰੰਗ
ਸਤਰੰਗੀ ਪੀਂਘ ਜਿਹਾ ਏ
ਇੱਕ ਸਫਾ ਤੇਰੇ ਨਾਂ ਦਾ
ਲਿਖਿਆ ਪਿਆ ਏ...!!

ਇੱਕ ਕੈਨਵਸ,
ਤੇਰੀ ਮੁਹੱਬਤ 'ਚ
ਰੰਗਿਆ ਪਿਆ ਏ
ਇਹ ਮੁਹੱਬਤੀ ਸਾਂਝ
ਸ਼ਾਲਾ, ਭਰੀ ਰਹੇ
ਰੰਗਾਂ ਦੇ ਅੰਗ ਸੰਗ ...!!
o

## ਦਿਲ ਤਾਂ ਕਰਦੈ

ਦਿਲ ਤਾਂ ਕਰਦੈ
ਬੰਦ ਕਰ ਦਿਆਂ
ਸਾਰੇ ਬੂਹੇ,
ਗਰਜਾਂ ਨਾਲ਼
ਭਰੇ ਪਏ ਜੋ
ਲਾਹ ਕੇ ਸੁੱਟਾਂ
ਸਾਰੇ ਖੂਹੇ ...!!

ਅੰਦਰੋਂ ਅੰਦਰੀ
ਖਾਈ ਜਾਂਦੇ
ਘੁਣ ਵਾਗੂੰ ਈ
ਸਾਰੇ ਹੁਣ ਤਾਂ,
ਖਾਲੀ ਖਾਲੀ
ਹੋਇਆ ਲੱਗਦਾ
ਸੱਖਣਾ ਦਿਲ ਤੇ
ਸੱਖਣੇ ਬੂਹੇ ...!!

ਬੇਵੱਸ ਤੇ
ਲਾਚਾਰ ਪਏ ਨੇ
ਜਿਉਂ ਟਾਹਣੀਓਂ ਟੁੱਟੇ
ਫੁੱਲ ਉਹ ਸੂਹੇ,
ਜਿੰਦ ਕਿਉਂ
ਮੁਰਝਾਈ ਜਾਵੇ
ਲੈ ਕੇ ਕਿੰਨੇ
ਚਾਅ ਅਧੂਰੇ...!!



ਮੈਂ ਜੋ ਲਿਖਦੀ
ਮੈਂ ਨਹੀਂ ਹਾਂ,
ਅੰਦਰ ਕੋਈ
ਦਰਦ ਪਿਆ ਹੈ
ਮੈਨੂੰ ਪਿਆ ਉਹ
ਨਿੱਤ ਝੰਜੋੜੇ...!!

ਉੱਠ,
ਆ ਬਹਿ ਜਾਹ
ਲਿਖ ਦੇ ਸਾਰੇ
ਐਵੇਂ ਨਾਂ ਕਰ
ਗ਼ਮ ਦੇ ਝੋਰੇ
ਖਾਲੀ ਕਰਦੇ
ਸਾਰੇ ਹੀ ਅੱਜ
ਚਾਵਾਂ ਦਾ ਅੱਜ
ਚੋਅ ਕੇ ਤੇਲ
ਲੈ ਆ ਖੁਸ਼ੀਆਂ
ਹੋਰ ਬਰੂਹੇ......!!
੦

## ਕਸ਼ਮਕਸ਼

ਅਜੀਬ ਜਿਹੀ ਕਸ਼ਮਕਸ਼ ਹੈ
ਜ਼ਿੰਦਗੀ ਦੇ ਜਿਹੜੇ ਰਾਹਾਂ ਤੇ
ਮੈਂ ਤੁਰੀ
ਕੋਈ ਵੀ ਰਸਤਾ ਸੌਖਾ ਨਹੀਂ ਸੀ
ਜ਼ਿੰਦਗੀ ਨੂੰ ਚੁਣੌਤੀਆਂ ਦੀ
ਨੋਕ ਤੇ ਰੱਖਕੇ
ਹਰ ਕਦਮ ਪੁੱਟਿਆ
ਹੌਲ਼ੀ ਹੌਲ਼ੀ ਜਾਂਚ ਸਿੱਖੀ
ਕਦਮ ਕਦਮ ਤੇ ਆਪਣੇ ਆਪ
ਤੇ ਹਾਲਾਤਾਂ ਨਾਲ਼ ਲੜਨ ਦੀ...!!

ਜਦੋਂ ਇੱਕ ਔਰਤ ਦੀ
ਉਮਰ ਹੁੰਦੀ ਹੈ
ਖਵਾਹਿਸ਼ਾਂ ਪੂਰੀਆਂ ਕਰਨ ਦੀ
ਉਦੋਂ ਮੈਂ ਹਾਲਾਤਾਂ ਨਾਲ਼
ਲੜ ਜੂਝ ਰਹੀ ਸੀ
ਜਦੋਂ ਵਕਤ ਸੀ ਜਵਾਨੀ
ਜਾਂ ਉਹ ਪਹਿਲੂ ਮਾਨਣ ਦੇ
ਮੈਂ ਟੁੱਟ ਕੇ ਬੇਖ਼ਬਰ ਰਾਹਾਂ ਤੇ
ਖ਼ੁਦ ਨੂੰ ਭਾਲ਼ ਰਹੀ ਸਾਂ....!!

ਉਹ ਜੋ ਗਵਾਇਆ,
ਧੀਆਂ ਨੂੰ ਰੱਬ
ਐਹੋ ਜਿਹੇ ਹਾਲਾਤਾਂ ਵਿੱਚ
ਕਦੇ ਨਾਂ ਹੀ ਪਾਵੇ



ਖ਼ੁਦ ਦਾ ਟੁੱਟਣਾ
ਤੇ ਸਭ ਦਾ ਸਾਥ ਛੱਡਣ ਤੇ
ਕੰਧਾਂ ਦੇ ਨਾਲ਼ ਲੱਗ ਰੋਣਾ
ਸ਼ੀਸ਼ੇ ਸਾਹਮਣੇ ਖੜ੍ਹੋ
ਖ਼ੁਦ ਨਾਲ਼ ਤੇ ਉਸ ਇੱਕ
ਆਸ ਨਾਲ਼ ਗੱਲਾਂ ਕਰ
ਕਿੰਝ ਡੁੱਲ ਪੈਂਦੀ ਸਾਂ ....!!

ਉਹ ਇੱਕ ਬੱਚਾ ਜੋ
ਪਿਆਰ ਜਾਂ ਮਮਤਾ ਤੋਂ ਵਿਹੂਣਾ ਹੁੰਦੈ
ਕਦੇ ਵੀ
ਸ਼ਾਇਦ ਆਪਣੇ ਆਪ ਨੂੰ
ਇਸ ਕਮੀ ਵਿੱਚੋਂ ਉਭਾਰ
ਨਹੀਂ ਪਾਉਂਦਾ
ਪਰ,
ਹਾਲਾਤਾਂ ਦੀਆਂ ਵੱਜੀਆਂ ਠੋਕਰਾਂ
ਕਿੰਨਾ ਬਦਲ ਦਿੰਦੀਆਂ ਨੇ
ਇਨਸਾਨ ਨੂੰ
ਕਿੰਨਾ ਮਜ਼ਬੂਤ ਤੇ ਨਿਡਰ
ਬਣਾਉਂਦਾ ਇਹ ਵਕਤ ਦਾ ਚਲਣ ..!!

ਤੇ ਤੁਸੀਂ ਉਸ ਢਹਿੰਦੀ ਕਲਾ ਵਾਲੀ
ਜ਼ਿੰਦਗੀ ਵਿੱਚੋਂ ਹੁੰਦੇ ਹੋਏ
ਇੱਕ ਨਵੇਂ ਨਕੋਰ ਇਨਸਾਨ ਦੀ
ਸਿਰਜਣਾ ਕਰਦੇ ਹੋ
ਜੋ ਕਿ ਤੁਹਾਡੀ ਪਹਿਲੀ ਜ਼ਿੰਦਗੀ ਤੋਂ
ਬਿਲਕੁਲ ਉਲਟ ਹੁੰਦੀ ਹੈ
ਉਹ ਜਿੰਦਗੀ ਜੋ
ਅੱਗ ਵਿੱਚੋਂ ਗੁਜਰਣ ਬਾਅਦ ਇੱਕ
ਗਹਿਣੇ ਦੇ ਰੂਪ ਵਿੱਚ ਤੁਹਾਨੂੰ ਮਿਲਦੀ ਹੈ
ਉਹ ਜ਼ਿੰਦਗੀ ਬਿਲਕੁਲ
ਚਿੱਕੜ ਵਿੱਚ ਖਿਲੇ

ਉਸ ਕਮਲ ਵਾਂਗ ਹੁੰਦੀ ਏ,
ਜਿਸਦਾ ਅਹਿਸਾਸ ਮਾਨਣਾ
ਇਸ ਵਿੱਚੋਂ
ਗੁਜ਼ਰਿਆ ਬਿਨਾ ਮਿਲਣਾ
ਨਾ-ਮੁੰਮਕਿਨ ਹੈ ...!!
○



## ਜੰਜੀਰਾਂ

ਨਾ ਸਮੇਂ ਨੇ ਬੰਨ੍ਹੀਆਂ ਨੇ
ਨਾ ਤੂੰ ਬੰਨ੍ਹ, ਸਾਡੇ ਪੈਰੀਂ ਜੰਜੀਰਾਂ
ਵੇ ਅਸਾਂ ਲੜ ਲੜ ਬਦਲਣੀਆਂ
ਜੇ ਐਦਾਂ ਨਾ ਬਦਲੀਆਂ ਤਕਦੀਰਾਂ
ਨਾ ਸਮੇਂ ਨੇ ਬੰਨੀਆਂ ਨੇ
ਨਾ ਤੂੰ ਬੰਨ੍ਹ, ਸਾਡੇ ਪੈਰੀਂ ਜੰਜੀਰਾਂ !!

ਵੇ ਅਸਾਂ ਮੰਨਣੀ ਹਾਰ ਨਾ ਸਿੱਖੀ
ਨਾ ਬੁਜ਼ਦਿਲ ਬਣ ਕੇ ਬਹਿਣਾ
ਨਹੀਂ ਬਹਿੰਦੇ, ਹੱਥਾਂ ਤੇ ਹੱਥ ਧਰ ਕੇ
ਬਦਲਾਂਗੇ ਹੱਥਾਂ ਦੀਆਂ ਲਕੀਰਾਂ
ਨਾ ਸਮੇਂ ਨੇ ਬੰਨ੍ਹੀਆਂ ਨੇ
ਨਾ ਤੂੰ ਬੰਨ੍ਹ, ਸਾਡੇ ਪੈਰੀਂ ਜੰਜੀਰਾਂ !!

ਘੱਟ ਬੋਲਣਾ ਮਜਬੂਰੀ ਨਹੀਂ ਏ
ਸਾਡੇ ਵਿੱਚ ਮਗਰੂਰੀ ਨਹੀਂ ਏ
ਦਿਲ ਦਰਿਆ ਹੈ ਦਿੱਤਾ ਰੱਬ ਨੇ
ਅਸੀਂ ਰਹੀਏ ਵਾਂਗ ਫਕੀਰਾਂ
ਨਾ ਸਮੇਂ ਨੇ ਬੰਨ੍ਹੀਆਂ ਨੇ
ਨਾ ਤੂੰ ਬੰਨ੍ਹ, ਸਾਡੇ ਪੈਰੀਂ ਜੰਜੀਰਾਂ !!

ਨਾ ਕਿਸੇ ਨੂੰ ਮੰਦਾ ਕਹੀਏ
ਜ਼ੁਲਮ ਵੇਖ ਵੀ ਚੁੱਪ ਨਾ ਬਹੀਏ
ਵਚਨਾਂ ਉੱਤੇ ਦੇਈਏ ਪਹਿਰਾ
ਬਣ ਜਾਈਏ ਸ਼ਮਸ਼ੀਰਾਂ
ਨਾ ਸਮੇਂ ਨੇ ਬੰਨ੍ਹੀਆਂ ਨੇ
ਨਾ ਤੂੰ ਬੰਨ੍ਹ, ਸਾਡੇ ਪੈਰੀਂ ਜੰਜੀਰਾਂ !!
○

## ਉੱਚੇ ਚੁਬਾਰੇ

ਅਸਾਂ ਜਦੋਂ ਦੀਆਂ ਲਾਈਆਂ,
ਕੱਖਾਂ ਢਾਰਿਆਂ ਦੇ ਨਾਲ਼,
ਸਾਡੀ ਨਿਭਦੀ ਨਹੀ,
ਉੱਚਿਆਂ ਚੁਬਾਰਿਆਂ ਦੇ ਨਾਲ਼!

ਅਸੀਂ ਤੇਰੇ ਵੱਲ ਆਏ,
ਨੰਗੇ ਪੈਰੀਂ ਭੱਜੇ ਆਏ,
ਸਾਨੂੰ ਮਿਲ਼ੀ ਰੁਸਵਾਈ,
ਹੰਝੂ ਖਾਰਿਆਂ ਦੇ ਨਾਲ਼!

ਤੇਰੇ ਜਹਿਰ ਭਰੇ ਬੋਲ,
ਸਾਨੂੰ ਮਾਰ ਹੀ ਮੁਕਾਉਂਦੇ,
ਅਸੀਂ ਕਦੋਂ ਤੱਕ ਜਿਉਂਦੇ,
ਝੂਠੇ ਲਾਰਿਆਂ ਦੇ ਨਾਲ਼!

ਤੇਰੀ ਬੇਰੁਖੀ ਨੇ ਕੀਤਾ,
ਸਾਡਾ ਜਿਉਣਾ ਦੁਸ਼ਵਾਰ,
ਹੋਇਆ ਤੁਰਨਾ ਮੁਹਾਲ,
ਇਹ ਸਹਾਰਿਆਂ ਦੇ ਨਾਲ਼!

ਅਸਾਂ ਫੈਸਲੇ ਸੀ ਕੀਤੇ,
ਮਰਜ਼ੀ ਆਪਣੀ ਦੇ ਨਾਲ਼,
ਆਪੇ ਪਾ ਲਵਾਂਗੇ ਮੰਜਿਲਾਂ,
ਨਵੇਂ ਕਿਨਾਰਿਆਂ ਦੇ ਨਾਲ਼!



ਮੁੜ ਵੇਖਣਾ ਨਹੀ ਪਿੱਛੇ,
ਚਾਲ ਆਪਣੀ ਤੁਰਾਂਗੇ,
ਸੋਚਾਂ ਕਰਾਂਗੇ ਬੁਲੰਦ ਢਿਲੋਂ,
ਮਿਹਨਤਾਂ ਤਿਆਰੀਆਂ ਦੇ ਨਾਲ਼!

ਅਸਾਂ ਜਦੋਂ ਦੀਆਂ ਲਾਈਆਂ,
ਕੱਖਾਂ ਢਾਰਿਆਂ ਦੇ ਨਾਲ਼,
ਸਾਡੀ ਨਿਭਦੀ ਨਹੀ,
ਉੱਚਿਆਂ ਚੁਬਾਰਿਆਂ ਦੇ ਨਾਲ਼!

o

## ਸੋਚ ਦੀ ਪਰਵਾਜ

ਆਪਣਾ ਅਕਸ ਗਵਾ ਨਾ ਬੈਠੀਂ,
ਦੂਸਰਿਆਂ ਲਈ ਜਿਊਂਦਾ ਜਿਊਂਦਾ,
ਆਪਣਾ ਆਪ ਮੁਕਾ ਨਾ ਬੈਠੀਂ....!!

ਆਪਣੀ ਹੋਂਦ ਬਚਾ ਕੇ ਰੱਖੀਂ,
ਦਿਲ ਦੇ ਭੇਤ, ਨਾ ਕਿਸੇ ਨੂੰ ਦੱਸੀਂ,
ਉੱਠ ਉੱਠ ਰੋਣਾ ਛੱਡ ਦੇ ਹੁਣ ਤੂੰ,
ਦਿਲ ਮਜਬੂਤ ਬਣਾ ਕੇ ਰੱਖੀਂ .....!!

ਮੰਗਿਆਂ ਅੱਜਕੱਲ ਮਿਲਦੇ ਨਹੀਉਂ,
ਏਹੋ ਜਿਹੀ ਕੋਈ ਆਸ ਨਾ ਰੱਖੀਂ,
ਖ਼ੁਦ ਲਈ ਲੜਨਾ ਸਿੱਖ ਲੈ ਹੁਣ ਤੂੰ,
ਬੁੱਲਾਂ ਨੂੰ ਜਿੰਦਰੇ, ਨਾ ਲਾ ਕੇ ਰੱਖੀਂ.....!!

ਢਿੱਲੋਂ ਜੇਕਰ ਰਹਿ ਗਿਓਂ ਕੱਲਾ,
ਦਿਲ ਨੂੰ ਵਿੱਚ ਧਰਵਾਸ ਦੇ ਰੱਖੀਂ,
ਮਿਲਦੇ ਓਹੀ ਮੁਕੱਦਰਾਂ ਵਿੱਚ ਜੋ,
ਸੋਚ ਨੂੰ ਵਿੱਚ ਪਰਵਾਜ਼ ਦੇ ਰੱਖੀਂ .....
ਸੋਚ ਨੂੰ ਵਿੱਚ ਪਰਵਾਜ਼ ਦੇ ਰੱਖੀਂ .......!!
o



## ਕੀ ਕਰਾਂ

ਦਿਲ ਭੁੱਬਾਂ ਮਾਰ ਕੇ ਰੋ ਰਿਹਾ
ਤੇਰੇ ਇਸ ਸ਼ਹਿਰ ਦਾ
ਹਰ ਬੰਦਾ ਕਾਤਲ ਹੋ ਰਿਹਾ
ਦੱਸ ਕੀ ਕਰਾਂ...!!

ਮਜਬੂਰ ਤੇ ਲਾਚਾਰਾਂ ਨੂੰ ਹੈ ਕੁਚਲਦਾ
ਤੇਰੇ ਇਸ ਸ਼ਹਿਰ ਦਾ
ਹਰ ਬੰਦਾ ਆਦਮ ਹੋ ਰਿਹਾ
ਦੱਸ ਕੀ ਕਰਾਂ...!!

ਧਰਮਾਂ ਮਜ਼ਹਬਾਂ ਦੀ ਆੜ ਵਿੱਚ
ਲੁੱਟਦਾ ਹੈ ਇੱਜ਼ਤਾਂ
ਕਰਦਾ ਹੈ ਕਤਲੇਆਮ
ਦੱਸ ਕੀ ਕਰਾਂ...!!

ਨੰਨ੍ਹੇ ਨੰਨ੍ਹੇ ਬਾਲਾਂ ਨੂੰ
ਛੱਲਣੀ ਕਰ ਰਿਹਾ
ਇਹ ਬੰਦੂਕਾਂ, ਬੰਬਾਂ ਨਾਲ਼
ਦੱਸ ਕਿਹੜਾ ਪੀਰ ਖ਼ੁਸ਼ ਹੋ ਰਿਹਾ
ਦੱਸ ਕੀ ਕਰਾਂ...!!

ਇਸ ਮੁਲਕ ਦੀ ਹੈ ਇਹ
ਅਜਬ ਜਿਹੀ ਦਾਸਤਾਨ
ਬੰਦਾ ਬੰਦੇ ਦਾ ਵੈਰੀ ਹੋ ਰਿਹਾ
ਬੰਦਾ ਬੰਦੇ ਹੱਥੋਂ ਮਰ ਰਿਹਾ
ਦੱਸ ਕੀ ਕਰਾਂ ...!!
o

## ਕੋਸ਼ਿਸ਼

ਨੈਣੀ ਮੇਰੇ ਸੁਪਨੇ,
ਸੁਪਨੇ ਸੌਣ ਨਾਂ ਦੇਂਦੇ
ਜਦ ਵੀ ਰੜਕਣ
ਕੋਇਆਂ ਵਿੱਚੋਂ
ਇੱਕ ਅਹਿਸਾਸ
ਨਮੀ ਦਾ ਜਾਪੇ
ਕੋਸ਼ਿਸ਼ ਕਰ ਕਰ
ਉੱਠ ਜਾਂਦੀ ਹਾਂ
ਭੱਜ ਦੌੜ ਕੇ
ਕੋਸ਼ਿਸ਼ਾਂ ਕਰਕੇ
ਹਰ ਜਾਂਦੀ ਹਾਂ
ਹੰਭ ਜਾਂਦੀ ਹਾਂ...!!

ਹਰ ਕੋਈ ਹੀਲਾ
ਕਰਾਂ ਵਸੀਲਾ
ਕਿਉਂ ਨਹੀਂ ਪੂਰੇ ਹੁੰਦੇ,
ਆਖਿਰ ਚੁੱਪ ਹੋ
ਬਹਿ ਜਾਂਦੀ ਹਾਂ
ਮੇਰੇ ਸੁਪਨੇ
ਸੌਣ ਨਹੀਂ ਦੇਂਦੇ
ਚੁੱਪ ਚਾਪ ਵੀ
ਬਹਿਣ ਨਹੀਂ ਦੇਂਦੇ
ਨੈਣਾਂ ਦੇ ਵਿੱਚ
ਰੜਕਣ ਮੇਰੇ
ਮੇਰੇ ਖ਼ਾਬ ਸਜਾਏ...!!



ਤੂੰ ਹੀ ਦੱਸਦੇ
ਖਹਿੜਾ ਛੱਡ ਦਿਆਂ
ਜਾਂ ਫਿਰ ਨੈਣੋਂ
ਸੁਪਨੇ ਕੱਢ ਦਿਆਂ
ਪਰ ਮੈਂ ਤੇ, ਮੰਨਣੀ
ਹਾਰ ਨਾ ਸਿੱਖੀ
ਤੂੰ ਹੀ ਕਰ ਕੋਈ ਹੀਲਾ
ਮੇਰੀ ਆਸ ਨੂੰ
ਬੂਰ ਕੋਈ ਲੱਗੇ
ਨਾ ਸੁਪਨਾ ਕੋਈ
ਰਹੇ ਅਧੂਰਾ
ਫਿਰ ਮੈਂ,
ਰੱਜ ਰੱਜ ਸੌਵਾਂ
ਆਪਣੇ ਸੁਪਨਿਆਂ ਤੇ
ਚਾਵਾਂ ਨੂੰ
ਮਾਣਾ ਅਤੇ ਹੰਢਾਵਾਂ...॥

## ਆ ਚੱਲ ਚੱਲੀਏ ਓਥੇ

ਆ ਚੱਲ ਚੱਲੀਏ ਓਥੇ
ਜਿੱਥੇ ਹੋਵੇ ਨਾ ਕੋਈ ਵੈਰੀ
ਸਭ ਨੂੰ ਵੰਡਣ ਪਿਆਰ ਬਰਾਬਰ
ਜਿੱਥੇ ਹੋਵੇ ਨਾ ਤੇਰੀ ਮੇਰੀ....!!

ਆ ਚੱਲ ਚੱਲੀਏ ਓਥੇ
ਜਿੱਥੇ ਹੋਵੇ ਨਾ
ਧਰਮਾਂ ਦਾ ਕੋਈ ਰੌਲ਼ਾ
ਲੋਕਾਂ ਵਿੱਚ ਰੱਬ ਵੱਸਦਾ ਹੋਵੇ
ਨਾ ਵਹਿਮਾਂ ਦਾ ਹੋਵੇ ਝਉਲ਼ਾ ....!!

ਆ ਚੱਲ ਚੱਲੀਏ ਓਥੇ
ਜਿੱਥੇ ਖ਼ੂਨ ਨਾ ਹੋਵੇ ਚਿੱਟਾ
ਪਿਆਰ ਮੁਹੱਬਤ ਵੰਡਣ ਸਾਰੇ
ਨਾ ਹੋਵੇ ਊਚ ਨੀਚ
ਹੋਵੇ ਹਰ ਕੋਈ ਪਿਆਰ ਦਾ ਭੁੱਖਾ ....!!

ਆ ਚੱਲ ਚੱਲੀਏ ਓਥੇ
ਜਿੱਥੇ ਵੱਸਣ ਦਿਲ ਦੇ ਜਾਨੀ
ਦਿਲ ਦੀਆਂ ਰਮਜ਼ਾਂ ਸਮਝਣ
ਚਾਰੇ ਪਾਸੇ ਪਿਆਰ ਹੋਵੇ ਬੱਸ
ਨਾ ਹੋਵੇ ਨਫ਼ਰਤ ਦੀ ਕੋਈ ਨਿਸ਼ਾਨੀ...!!

ਆ ਚੱਲ ਚੱਲੀਏ ਓਥੇ
ਜਿੱਥੇ ਹੋਵੇ ਠੰਡੜੀ ਛਾਂ
ਚਾਅ ਲਾਡ ਲਡਾਵੇ ਜਿਹੜੀ
ਸਭ ਨੂੰ ਕਰੇ ਪਿਆਰ ਬਰਾਬਰ
ਜਿੱਥੇ ਵੱਸਦੀ ਹੋਵੇ ਏਹੋ ਜਿਹੀ ਮਾਂ....!!



ਆ ਚੱਲ ਚੱਲੀਏ ਓਥੇ
ਜਿੱਥੇ ਹੋਵੇ ਨਾ ਕੋਈ ਪਾੜਾ
ਮਨ ਚੰਚਲ ਜਿਹੇ ਹੋਵਣ ਜਿੱਥੇ
ਹੋਵੇ ਨਾ ਕੋਈ ਆਪਸ ਦੇ ਵਿੱਚ ਸਾੜਾ ...!!

ਆ ਚੱਲ ਚੱਲੀਏ ਓਥੇ
ਜਿੱਥੇ ਹੋਈਏ ਤੂੰ ਤੇ ਮੈਂ
ਮੇਰੀ ਮੈਂ ਤਾਂ ਮੁੱਕ ਜਾਵੇ
ਬੱਸ ਰਹਿ ਜਾਏ ਤੇਰੀ ਤੂੰ ਤੇ ਤੈਂ ....!!

ਆ ਚੱਲ ਚੱਲੀਏ ਓਥੇ
ਜਿੱਥੇ ਸਭ ਦਾ ਹੋਵੇ ਇੱਕ ਅਸਮਾਨ
ਧਰਮ ਮਜ਼ਹਬ ਪਿੱਛੇ ਛੱਡਕੇ
ਹੋਵੇ ਇੱਕੋ ਜਿਹਾ ਸਨਮਾਨ ...!!

ਆ ਚੱਲ ਚੱਲੀਏ ਓਥੇ
ਜਿੱਥੇ ਵੱਸੇ ਏਹੋ ਜਿਹਾ ਸ਼ਹਿਰ
ਬਿਨ ਮਤਲਬ ਤੋਂ ਮੰਗਣ ਜਿੱਥੇ
ਲੋਕ ਸਭਨਾ ਦੀ ਖ਼ੈਰ...!!

ਆ ਚੱਲ ਚੱਲੀਏ ਓਥੇ
ਜਿੱਥੇ ਹੋਵਣ ਖੁਸ਼ੀਆਂ ਤੇ ਖੇੜੇ
ਹੱਸਣ ਖੇਡਣ ਸਾਰੇ ਰਲ਼ ਕੇ
ਨਾ ਹੋਣ ਦੁੱਖਾਂ ਦੇ ਝੇੜੇ...!!

ਆ ਚੱਲ ਚੱਲੀਏ ਓਥੇ
ਜਿੱਥੇ ਕੁਝ ਬਦਲਣ ਦੀ ਹੋਵੇ ਆਸ
ਹਰ ਕੋਈ ਕਰਦਾ ਹੋਵੇ ਜਿੱਥੇ
ਇੱਕ ਦੂਜੇ ਲਈ ਅਰਦਾਸ ....!!

ਆ ਚੱਲ ਚੱਲੀਏ ਓਥੇ
ਜਿੱਥੇ ਦੁਨੀਆਂ ਹੋਵੇ ਅਸਲੀ
ਮੂੰਹੋਂ ਹੋਰ ਤੇ ਢਿੱਡੋਂ ਕੁਝ ਹੋਰ
ਨਾ ਹੋਵਣ ਲੋਕੀਂ ਨਕਲੀ .....!!

ਆ ਚੱਲ ਚੱਲੀਏ ਓਥੇ
ਜਿੱਥੇ ਲੋਕੀਂ ਗੱਲਾਂ ਮੂੰਹ ਤੇ ਕਹਿਣ
ਲੱਖ ਮਜਬੂਰੀ ਹੋਵੇ ਭਾਂਵੇ
ਨਾ ਪਿੱਠ ਪਿੱਛੇ ਨਿੰਦਣ ਨਾ ਕਹਿਣ ...!!

ਆ ਚੱਲ ਚੱਲੀਏ ਓਥੇ
ਜਿੱਥੇ ਸਭ ਦਾ ਹੋਵੇ ਏਕਾ
ਨਾ ਕੋਈ ਹੋਵੇ ਬੇਗ਼ਾਨਾ ਜਿੱਥੇ
ਭਾਵੇਂ ਕੀ ਸਹੁਰਾ ਕੀ ਪੇਕਾ ....!!

ਆ ਚੱਲ ਚੱਲੀਏ ਓਥੇ
ਜਿੱਥੇ ਰੱਬ ਵੱਸਦਾ ਹੋਵੇ ਆਪ
ਨਾ ਕੋਈ ਡੇਰਾ ਨਾ ਪਾਖੰਡ ਹੋਵੇ
ਰੱਬ ਵਿਚਰੇ ਸਭਨਾ ਵਿੱਚ ਆਪ....!!

ਆ ਚੱਲ ਚੱਲੀਏ ਓਥੇ
ਜਿੱਥੇ ਹੋਵੇ ਨਾ ਕੋਈ ਸਿਆਸਤ
ਲੀਡਰ ਹੋਣ ਕਰਪਟ ਨਾ ਜਿੱਥੇ
ਜਿੱਥੇ ਆਵੇ ਨਾ ਸਭ ਦੀ ਸ਼ਾਮਤ ...!!

ਆ ਚੱਲ ਚੱਲੀਏ ਓਥੇ
ਜਿੱਥੇ ਹੋਵੇ ਬਹਿ ਮਨ ਸ਼ਾਂਤ
ਐਸੀ ਹਵਾ ਚਲਾਈਂ ਰੱਬਾ
ਨਾ ਤੂੰ ਵਿਸਰੇਂ
ਨਾ ਭੁੱਲੇ ਮੈਨੂੰ ਮੇਰੀ ਔਕਾਤ ....!!
o



## ਜਿਸਮ

ਜਿਸਮ ਰਾਖ ਹੋ ਜਾਣਾ
ਉੱਡ ਜਾਣਾ ਸਾਹਾਂ ਬਣ ਪੰਖੇਰੂ
ਫੇਰ ਦੱਸ
ਇਹ ਆਕੜਾਂ
ਕਿਸ ਕੰਮ ਦੀਆਂ
ਤੂੰ ਮਜ਼ਹਬਾਂ ਦੀਆਂ ਵੰਡੀਆਂ
ਰੁਤਬਿਆਂ ਦੇ ਵਿਤਕਰੇ
ਅਮੀਰੀ ਗ਼ਰੀਬੀ ਦੇ ਫ਼ਾਸਲੇ
ਬਿਨਾ ਸੋਚੇ ਸਮਝੇ ਹੀ
ਵਧਾਉਂਦਾ ਰਿਹਾ,
ਇਹ ਨਫ਼ਰਤਾਂ ਦੇ ਪਾੜੇ....!!

ਭੁੱਲ ਗਿਓਂ ਸ਼ਾਇਦ
ਜਦੋਂ ਰਾਖ ਹੋਣਾ
ਕੁਝ ਵੀ ਤਾਂ ਨਹੀ ਰਹਿਣਾ
ਸਿਵਿਆਂ ਦੀ ਰਾਖ ਤੋਂ ਲੈ
ਇੱਕ ਹੀ ਜਗ੍ਹਾ
ਪਾਣੀ ਵਿੱਚ ਰੋਹੜੇ ਜਾਵਾਂਗੇ
ਨਾ ਹੀ ਤੂੰ
ਤੇ ਨਾ ਹੀ ਮੈਂ
ਕੁਝ ਨਾਲ਼ ਲੈ ਕੇ ਜਾਵਾਂਗੇ
ਖਾਲੀ ਆਏ ਤੇ
ਖਾਲੀ ਵਾਪਿਸ ਤੁਰ ਜਾਵਾਂਗੇ ..!!

ਫੇਰ ਇਹ ਹਿਸਾਬ ਕਿਤਾਬ
ਇਕੱਠਾ ਕਰ,
ਨਾਲ਼ ਕਿਉਂ ਲਿਜਾਣਾ
ਇਹ ਨਫ਼ਰਤਾਂ ਦੇ ਵਹੀ ਖਾਤੇ
ਕਿੱਥੇ ਮੋਢਿਆਂ ਤੇ ਚੁੱਕੀ ਫਿਰਾਂਗੇ
ਆ ਗਿਲੇ ਸ਼ਿਕਵੇ ਦੂਰ ਕਰ
ਮਿੱਟੀ ਦੀ ਸਾਂਝ ਪਾਈਏ
ਮਿੱਟੀ ਵਿੱਚ ਰਲ਼
ਮਿੱਟੀ ਦੇ ਗੀਤ ਗਾਈਏ
ਆ ਤੂੰ ਤੇ ਮੈਂ
ਇੱਕ ਹੋ ਜਾਈਏ .....!!
o



## ਸੁਣ ਦਿਲਾ

ਫੁੱਲਾਂ ਭਰੇ ਬਗ਼ੀਚੇ ਦੇ ਵਿੱਚ
ਕੰਡਿਆਂ ਨੂੰ ਹੱਥ ਪਾ ਨਾ ਬੈਠੀਂ

ਸੋਹਣੇ ਚਿਹਰੇ ਦਿਸਦੇ ਨੇ ਜੋ
ਐਵੇਂ ਦਿਲ ਭਰਮਾ ਨਾ ਬੈਠੀਂ

ਚੈਨ ਅਰਾਮ ਨਾਲ਼ ਸੌਂ ਲੈਂਦਾ ਏਂ
ਐਵੇਂ ਨੀਂਦ ਗਵਾ ਨਾ ਬੈਠੀ

ਕੀ ਰੱਖਿਆ ਏ ਇਸ਼ਕੇ ਦੇ ਵਿੱਚ
ਸੁੱਤਾ ਨਾਗ ਜਗਾ ਨਾ ਬੈਠੀਂ

ਰੋਂਦੇ ਵੇਖੇ ਸੱਚੇ ਆਸ਼ਿਕ
ਝੂਠਿਆਂ ਦੇ ਸੰਗ ਲਾ ਨਾ ਬੈਠੀਂ

ਢਿੱਲੋਂ ਬਲਦੀ ਅੱਗ ਵਿੱਚ ਐਵੇਂ
ਆਪਣਾ ਆਪ ਜਲ਼ਾ ਨਾ ਬੈਠੀਂ

ਫੁੱਲਾਂ ਭਰੇ ਬਗ਼ੀਚੇ ਦੇ ਵਿੱਚ
ਕੰਡਿਆਂ ਨੂੰ ਹੱਥ ਪਾ ਨਾ ਬੈਠੀਂ
o

## ਪਲ

ਮੁਹੱਬਤ ਦੇ ਪਲ
ਅਹਿਸਾਸ ਦੇ ਪਲ
ਭੁੱਲਦੇ ਨਹੀਂ ਉਹ
ਤੇਰੀ ਮਿੱਠੀ ਜਿਹੀ
ਮੁਲਾਕਾਤ ਦੇ ਪਲ...!!

ਅਜਨਬੀ ਸ਼ੁਰੂਆਤ
ਖੰਡ ਮਿਸ਼ਰੀ ਜਿਹੀ ਹੋਈ
ਮਹਿਕਣ ਹਵਾਵਾਂ 'ਚ
ਇਕਰਾਰ ਦੇ ਪਲ...!!

ਸੂਰਤ ਨੇ ਨੈਣਾਂ ਨੂੰ
ਬੁਝਾਰਤ ਜਿਹੀ ਪਾਈ
ਸੱਜਣਾ ਬਿਨ ਲੰਘਣ ਨਾ
ਇੰਤਜ਼ਾਰ ਦੇ ਪਲ...!!

ਫੁਰਸਤ 'ਚ ਬਹਿ ਕੇ
ਚੇਤੇ ਕਰੀਂ ਤੂੰ
ਤੇਰੇ ਤੇ ਮੇਰੇ
ਪਿਆਰ ਦੇ ਪਲ...!!

ਸਾਹਾਂ ਦੀ ਸਾਂਝ
ਇਤਬਾਰ ਦੀ ਗੱਲ
ਉਹ ਲੁੱਟੇ ਹੋਏ ਚੈਨ
ਕਰਾਰ ਦੇ ਪਲ ...!!



ਤੂੰ ਕੀ ਜਾਣੇ
ਕਿੰਨੇ ਬੇਸ਼-ਕੀਮਤੀ ਨੇ
ਗੁਜ਼ਰੇ ਤੇਰੇ ਨਾਲ਼
ਦੀਦਾਰ ਦੇ ਪਲ...!!

ਮੁਹੱਬਤ ਦੇ ਪਲ
ਅਹਿਸਾਸ ਦੇ ਪਲ
ਭੁੱਲਦੇ ਨਹੀਂ ਉਹ
ਤੇਰੀ ਮਿੱਠੀ ਜਿਹੀ
ਮੁਲਾਕਾਤ ਦੇ ਪਲ...!!
o

## ਉਦਾਸ ਕਿਉਂ?

ਦਿਲ ਉਦਾਸ ਕਿਉਂ ਹੈ
ਕੁਝ ਤਿੜਕਿਆ ਜ਼ਰੂਰ ਹੈ
ਮੈ ਏਨਾ ਕਮਜ਼ੋਰ
ਪਹਿਲਾਂ ਕਦੇ ਨਹੀਂ ਸੀ
ਅੱਜਕੱਲ ਇਹ ਮਨ
ਭਰ ਭਰ ਫਿੱਸਦਾ ਹੈ
ਮੈਂ ਏਨਾ ਅਵਾਜਾਰ ਕਿਉਂ ਹਾਂ
ਇਹ ਬੇਵਸੀ
ਕਿਤੇ ਮੇਰੀ ਜਾਨ ਦਾ
ਜੋਖਮ ਨਾ ਬਣ ਜਾਵੇ...!!

ਤੂੰ ਮੈਨੂੰ,
ਆਪਣੀਆਂ ਬਾਹਾਂ 'ਚ ਲੈ
ਘੁੱਟ ਕੇ ਗਲਵੱਕੜੀ ਪਾ
ਮੇਰੇ ਸਿਰ ਨੂੰ ਪਲੋਸ
ਮੈਨੂੰ ਇੱਕ ਬਾਪ ਵਾਂਗ
ਪਿਆਰ ਕਰ...
ਮੈਨੂੰ ਨਹੀਂ ਪਤਾ ਕਿ
ਇੱਕ ਬਾਪ ਆਪਣੀ ਧੀ ਨੂੰ
ਕਿਵੇਂ ਪਿਆਰ ਕਰਦੈ
ਕਿਵੇਂ ਲਾਡ ਲਡਾਉਂਦਾ
ਕਿਵੇਂ ਹੌਂਸਲਾ ਦਿੰਦਾ
ਕਿਵੇਂ ਬਾਪ ਦੀ ਗੱਲਵੱਕੜੀ
ਸੀਨੇ 'ਚ ਠੰਡ ਪਾਉਂਦੀ ...!



ਕਦੇ ਇੱਕ ਵੀਰ ਵਾਂਗ
ਮੇਰੇ ਨਾਲ਼ ਖੜ
ਜਿੱਥੇ ਵੀ ਖੜਾਂ
ਮੈਨੂੰ ਕਦੇ ਕੋਈ ਫ਼ਿਕਰ ਨਾ ਹੋਵੇ
ਇੰਜ ਲੱਗੇ ਕਿ ਵੀਰ ਹੈ
ਮੈਨੂੰ ਫ਼ਿਕਰ ਦੀ ਕੀ ਲੋੜ...!

ਕਦੇ ਤੂੰ ਮੇਰੀ ਭੈਣ ਬਣ
ਮੇਰੇ ਦੁੱਖ ਸੁੱਖ ਦੀ ਸਾਂਝ ਪਾ
ਮੈਨੂੰ ਕਦੇ ਸੋਚਣਾ ਨਾ ਪਵੇ
ਕਿ ਮੇਰਾ ਕੌਣ ਹੈ
ਕਦੇ ਅਹਿਸਾਸ ਨਾ ਹੋਵੇ
ਰਿਸ਼ਤਿਆਂ ਤੋਂ ਵਿਹੂਣੇ ਹੋਣ ਦਾ
ਮੈਂ ਸੁਣਿਆ ਸੀ ਕਿ
ਵੱਡੀਆਂ ਭੈਣਾਂ
ਛੋਟੀਆਂ ਭੈਣਾਂ ਦੇ
ਬੜੇ ਚਾਅ-ਲਾਡ ਲਡਾਉਂਦੀਆਂ
ਕਾਸ਼..
ਮੈਂ ਤੇ ਸਿਰਫ਼
ਪਿਆਰ ਭਾਲ਼ਦੀ ਹਾਂ..!

ਕਦੇ ਮੇਰੀ ਮਾਂ ਬਣ ਕੇ
ਮੈਨੂੰ ਵੀ ਕਦੇ ਪੁੱਛ
ਕਿ ਮੈਂ ਖ਼ੁਸ਼ ਤਾਂ ਹਾਂ
ਮੇਰੀਆਂ ਰੀਝਾਂ
ਮੇਰੀਆਂ ਸਭ ਸੱਧਰਾਂ
ਸੀਨੇ ਵਿੱਚ ਹੀ ਦਫ਼ਨ ਨੇ
ਕਦੇ ਤੇ ਆ ਕੇ ਮੈਨੂੰ
ਫਰੋਲ਼ਣ ਦੀ ਕੋਸ਼ਿਸ਼ ਕਰ
ਮੇਰੇ ਹੰਝੂ
ਕੋਇਆਂ ਤੋਂ ਸੁੱਕਣ ਦਾ

ਨਾ ਨਹੀਂ ਲੈਂਦੇ
ਕਦੇ ਕਦੇ ਬੇਬਸੀ
ਬੜੀ ਤੰਗ ਕਰਦੀ ਹੈ...!

ਮੈਂ ਇਹੋ ਜਿਹੀ ਨਹੀਂ ਹਾਂ
ਜਿਹੋ ਜਿਹਾ ਲੋਕ
ਸਮਝ ਲੈਂਦੇ ਆ
ਉਹਨਾਂ ਨੂੰ ਕੀ ਪਤਾ
ਕਿ ਰਿਸ਼ਤਿਆਂ ਵੱਲੋਂ
ਠੁਕਰਾਇਆ ਇਨਸਾਨ ਬਿਲਕੁੱਲ
ਮੇਰੇ ਵਰਗਾ ਹੋ ਜਾਂਦਾ
ਅੰਦਰੋਂ ਜਿਵੇਂ ਕੁਝ ਵਹਿ ਤੁਰਦਾ
ਤੇ ਮੈਂ ਪਿਘਲਦੀ ਹਾਂ
ਮੋਮ ਵਾਂਗਰਾਂ
ਤੇ ਮੇਰੇ ਕੋਲ ਕਹਿਣ ਨੂੰ
ਕੁਝ ਨਹੀਂ ਬਚਦਾ
ਕਿੰਨਾ ਔਖਾ ਹੁੰਦੈ
ਰਿਸ਼ਤਿਆਂ ਦਾ ਸੰਤਾਪ ਹੰਢਾਉਣਾ...!

ਮੈਂ ਅਧੂਰੀ ਹਾਂ
ਇਹ ਤੂੰ ਕੀ ਸਮਝੇਂ
ਤੂੰ ਕੀ ਜਾਣੇ ਇਹ ਅਹਿਸਾਸ
ਅੱਗ ਦਾ ਸੇਕ
ਅੱਗ ਤੋਂ ਦੂਰ ਰਹਿ ਕੇ
ਕਦੇ ਨਹੀਂ ਆਉਂਦਾ....!!
o



## ਆਸ

ਔਹ ਦੂਰ ਕਿਤੇ
ਸੂਰਜ ਵਾਲ਼ੀ ਟਿੱਕੀ ਦੀ ਲੋਅ
ਝਾਤ ਮਾਰਦੀ ਹੈ
ਜਿਵੇਂ ਇੱਕ
ਆਸ ਦਾ ਦੀਵਾ ਬਲ਼ਦਾ ਹੋਵੇ..!!

ਸੂਰਜ ਦੀ ਲੋਅ ਦਾ ਅਕਸ
ਘਰਾਂ ਦੇ ਸ਼ੀਸ਼ਿਆਂ ਤੇ
ਉੱਚੀਆਂ ਉੱਚੀਆਂ
ਬਿਲਡਿੰਗਾਂ ਤੇ ਪੈਂਦਾ
ਸਭ ਕੁਝ ਸੰਧੂਰੀ-ਸੰਧੂਰੀ ਜਾਪਦਾ
ਜਿਵੇਂ ਕਿਸੇ ਕਲਾ ਦੇ ਪੁਜਾਰੀ ਨੇ
ਚਾਰੇ ਪਾਸੇ ਰੰਗ
ਡੋਹਲ ਦਿੱਤੇ ਹੋਣ ..!!

ਸਰਦ ਰੁੱਤ ਦੀਆਂ
ਸੀਤ ਹਵਾਵਾਂ 'ਚ
ਰੁੰਡ ਮਰੁੰਡ ਹੋਏ ਦਰੱਖ਼ਤ
ਅਡੋਲ ਖੜੇ ਨੇ
ਬਰਫ਼ ਨੇ ਚਾਰੇ ਪਾਸੇ
ਆਪਣਾ ਹੀ ਚਾਨਣ ਫੈਲਾਇਆ ਹੈ
ਕਾਦਰ ਦੀ ਕੁਦਰਤ ਦੇ ਰੰਗ
ਕਿੰਨੇ ਸੋਹਣੇ ਹਨ
ਮੇਰੀ ਸੋਚ ਤੋਂ ਵੀ ਪਰੇ...!!

ਅਸੀਂ ਭੁੱਲ ਜਾਂਦੇ ਹਾਂ
ਸਾਡੇ ਦੁੱਖ ਤਕਲੀਫ਼ਾਂ
ਇਹਨਾਂ
ਰੁੰਡ ਮਰੁੰਡ ਦਰੱਖ਼ਤਾਂ ਨਾਲ਼
ਕਿੰਨਾ ਮਿਲਦੇ ਹਨ
ਪਰ ਇਹਨਾ ਦਰੱਖ਼ਤਾਂ ਦਾ
ਕਿੰਨਾ ਵੱਡਾ ਜੇਰਾ ਹੈ
ਇਹ ਹਰ ਰੁੱਤ ਮਾਣਦੇ ਹੋਏ
ਕਿਵੇਂ ਅਡੋਲ ਖੜੇ ਰਹਿੰਦੇ ਹਨ ..!!

ਮੇਰੀ ਸੋਚ
ਸੀਮਤ ਨਾ ਹੁੰਦਿਆਂ ਹੋਏ
ਉਡਾਰੀ ਲਾਉਂਦੀ ਹੈ
ਕੁਦਰਤ ਦੇ ਨਾਲ਼ ਨਾਲ਼ ਤੁਰਦੀ ਹੈ
ਤੇ ਉਸਦਾ ਹਰ ਰੰਗ
ਮਾਣਦੀ ਹੈ
ਜ਼ਿੰਦਗੀ ਦਾ ਸਫ਼ਰ ਵੀ ਤਾਂ
ਕੁਦਰਤ ਦਾ ਹੀ ਹਿੱਸਾ ਹੈ..!!
੦



## ਨੇਲ ਆਰਟ

ਇੱਕ ਸੈਮੀਨਾਰ 'ਚ
ਕਵਿਤਾ ਨੇ ਤਾਂ,
ਬੋਲਣਾ ਸੀ
ਜਿਸ ਦੀ
ਉਹ ਵਾਰ ਵਾਰ
ਰਿਹਰਸਲ ਕਰਦਿਆਂ
ਪਤਾ ਨਹੀਂ ਖੌਰੇ ਕਿਉਂ
ਉਸਦਾ ਧਿਆਨ
ਆਪਣੇ ਨੌਂਹਾਂ ਵੱਲ ਜਾਂਦਾ
ਕਿੰਨੇ ਰੁੱਖੇ ਜਿਹੇ ਲੱਗ ਰਹੇ ਨੇ,
ਇਹ
ਬਿਨਾਂ ਨੇਲ ਆਰਟ ਦੇ
ਉਸ ਸੈਮੀਨਾਰ ਦੇ ਚੱਕਰ 'ਚ
ਤਿਆਰੀ ਕਰਦਿਆਂ
ਭੁੱਲ ਗਈ ਕਿ
ਨੇਲ ਆਰਟ ਤੇ ਕਰਵਾਇਆ ਹੀ ਨਹੀਂ..!!

ਕਾਹਲ਼ੀ ਕਾਹਲ਼ੀ ਘਰੋਂ
ਬਾਹਰ ਨਿਕਲਦੀ
ਤੇ ਸੈਲੂਨ ਅੰਦਰ ਵੜ ਜਾਦੀਂ ਹੈ
ਕਿੰਨੀ ਭੀੜ ਹੈ ਅੱਜ ਏਥੇ
ਉਸਦੇ ਧਿਆਨ 'ਚ ਹੁਣ
ਸੈਮੀਨਾਰ, ਘੱਟ ਤੇ
ਨੇਲ ਆਰਟ,
ਜ਼ਿਆਦਾ ਹਾਵੀ ਹੋ ਰਿਹਾ ..!!

ਨੇਲ ਆਰਟ ਕਰਾ
ਸੈਮੀਨਾਰ ਤੇ ਪੁੱਜ ਜਾਂਦੀ ਹੈ
ਤੇ ਉਸਦੀ ਸਹੇਲੀ
ਮਿਲ਼ਦਿਆਂ ਹੀ ਨੇਲ ਆਰਟ ਦੀ
ਤਾਰੀਫ਼ ਕਰਦੀ ਹੈ
ਤੇ ਫਿਰ ਕਵਿਤਾ ਬਾਰੇ
ਪਰਚਾ ਪੇਸ਼ ਕਰਦੀ ਹੈ......!!
o



## ਮੇਰਾ ਵਜੂਦ

ਮੇਰੇ ਅੰਦਰਲਾ
ਇਹ ਬੱਚਾ
ਰੋਜ਼ ਉੱਠ ਖੜੋਂਦਾ ਹੈ
ਇਹ ਕਦੇ ਕਦੇ
ਜ਼ਿੱਦ ਕਰਦਾ ਹੈ
ਮਾਂ ਦੀਆਂ ਲੋਰੀਆਂ ਨੂੰ
ਮਾਂ ਦਾ ਲਾਡ ਲਡਾਉਣਾ
ਸੀਨੇ ਨਾਲ ਲਾਉਣਾ
ਤੇ ਰੋਂਦਿਆਂ ਨੂੰ ਵਰਾਉਣਾ
ਇਹ ਅੰਦਰਲਾ ਬੱਚਾ
ਮਮਤਾ ਵਿਹੂਣਾ
ਕਦੇ ਵੱਡਾ ਨਹੀਂ ਹੋਇਆ ..!!

ਇਹ ਬਾਪ ਦੀ ਕਮੀ
ਤੇ ਚੜ੍ਹਦੀ ਉਮਰੇ
ਤੁਰ ਗਏ ਵੀਰ ਦੇ
ਪ੍ਰਛਾਵਿਆਂ ਨੂੰ
ਮਨ ਹੀ ਮਨ
ਕਿੱਧਰੇ ਟੋਲ਼ਦਾ ਹੈ
ਉਹਨਾਂ ਯਾਦਾਂ ਨੂੰ
ਬਚਪਨ 'ਚ
ਖੇਡੇ ਲੁਕਣ ਮੀਚੀ
ਦੇ ਖੇਡ ਵਾਂਗ ਹੀ
ਕਦੇ ਨਹੀਂ ਭੁੱਲਦਾ ..!!

ਮਾਂ ਦਾ ਇਸ ਨੂੰ
ਦਿਲੋਂ ਵਿਸਾਰ ਦੇਣਾ
ਰੂਹ ਨੂੰ ਕੰਬਾ ਕੇ

ਰੱਖ ਦਿੰਦਾ
ਬਾਪ ਦਾ ਚੜ੍ਹਦੀ ਉਮਰੇ
ਤੁਰ ਜਾਣਾ
ਇਹਦੀਆਂ ਸੱਧਰਾਂ ਨੂੰ
ਇੰਜ ਹੀ ਕਿੱਧਰੇ
ਦੱਬ ਜਾਂਦਾ
ਇਹ ਅੱਜ ਵੀ ਅਧੂਰਾ ਹੈ
ਇਸਨੂੰ ਯਾਦ ਆਉਂਦਾ ਹੈ
ਬਜ਼ੁਰਗਾਂ ਦਾ
ਸਿਰ ਨੂੰ ਪਲੋਸਣਾ..!!

ਇਹ ਅੱਜ ਵੀ ਟੋਲ਼ਦਾ ਹੈ
ਆਪਣੇ ਹਿੱਸੇ ਦਾ ਪਿਆਰ
ਆਪਣੇ ਹਿੱਸੇ ਦੀਆਂ
ਗਵਾਚੀਆਂ ਹੋਈਆਂ ਖ਼ੁਸ਼ੀਆਂ
ਇਹ ਚੰਚਲ ਮਨ
ਕਿੰਨੀਆਂ ਹੀ ਇੱਛਾਵਾਂ
ਇੰਜ ਹੀ ਦੱਬੀ ਬੈਠਾ ਹੈ
ਦਿਲ ਦੇ ਕਿਸੇ ਕੋਨੇ 'ਚ
ਇਹ ਹਰ ਵਕਤ ਭਾਲ਼ਦਾ ਹੈ
ਪਿਆਰ ਦੇ ਦੋ ਬੋਲ
ਆਪਣਿਆਂ ਦੀ ਗੱਲਵੱਕੜੀ
ਤੇ ਵਿੱਛੜਿਆਂ ਦਾ ਮਿਲਾਪ
ਇਹ ਅੰਦਰਲਾ ਬੱਚਾ
ਕਾਸ਼ ਕਦੇ ਵੱਡਾ ਨਾ ਹੋਵੇ
ਤੇ ਇੰਜ ਹੀ ਰਿਸ਼ਤਿਆਂ ਦੀਆਂ
ਕਦਰਾਂ ਕੀਮਤਾਂ ਲੈ
ਬੇਸ਼ੱਕ ਅਲਵਿਦਾ ਆਖ ਦੇਵੇ
ਪਰ ਹਾਂ, ਇਹ ਬੱਚਾ ਕਦੇ
ਮਾਯੂਸ ਨਾਂ ਹੋਵੇ
ਇਸ ਦੁਨੀਆਂ ਦੇ ਵਰਤਾਰੇ ਤੋਂ..!!
o



## ਗ਼ਜ਼ਲ ਲਿਖੀਂ

ਗ਼ਜ਼ਲਾਂ ਲਿਖੀਂ, ਨਜ਼ਮਾਂ ਲਿਖੀਂ
ਜਦ ਵੀ ਕਿਤੇ ਫ਼ੁਰਸਤ ਮਿਲੇ
ਤੂੰ ਮੇਰੇ ਇਸ ਦਿਲ ਦੀ
ਦਾਸਤਾਨ ਲਿਖੀਂ

ਬੜਾ ਬੇਜਾਨ ਹੋ ਰਿਹਾ
ਮੁਹੱਬਤ ਦੇ ਬਿਨਾ ਇਹ ਦਿਲ
ਬੜਾ ਅਵਾਜਾਰ ਰਹਿੰਦਾ ਹਾਂ
ਤੂੰ ਦਿਲ ਨਾਲ਼ ਰਾਬਤਾ ਲਿਖੀਂ

ਬੜੀ ਮੁਸ਼ਕਿਲ ਘੜੀ ਲੰਘਦੀ
ਪਲਾਂ ਦਾ ਹਿਸਾਬ ਰਹਿੰਦਾ ਨਾ
ਕਦੇ ਹੰਝੂ ਗਿਰੇ ਅੱਖ ਚੋਂ
ਕਦੇ ਹਾਸਾ ਆਵੇ ਮੁੱਖ ਤੇ, ਤਾਂ ਲਿਖੀਂ

ਕੋਈ ਜ਼ਿੰਦਗੀ 'ਚ ਆਉਂਦਾ ਏ
ਜਾਂ ਫਿਰ ਛੱਡ ਕੇ ਤੁਰ ਜਾਂਦਾ
ਕਦੋਂ ਵੀਰਾਨ ਹੋਇਆ ਇਹ
ਕਦੋਂ ਆਬਾਦ ਹੋਇਆ ਲਿਖੀਂ

ਬੜਾ ਖਾਲੀ ਜਿਹਾ ਰਹਿੰਦਾ ਏ
ਗਿਲਾ ਨਹੀਂ ਕਰਦਾ ਹੁਣ ਤੇ ਮੈਂ
ਬਸ ਰਜ਼ਾ ਤੇਰੀ ਚ ਰਹਿੰਦਾ ਹਾਂ
ਕਦੇ ਮੱਥੇ ਸ਼ਿਕਨ ਆਵੇ ਤਾਂ ਲਿਖੀਂ
o

## ਦੱਸੀਂ ਵੇ

ਕਿਹੜੇ ਰੰਗ ਵਿੱਚ
ਰੰਗਿਆ ਮੈਨੂੰ,
ਵੇ ਮੈਂ ਤੱਤੜੀ
ਨਾ ਸੌਵਾਂ ਨਾ ਜਾਗਾਂ !

ਜਿਸ ਦਿਨ ਦੀ ਤੂੰ,
ਤਾਰ ਛੇੜ ਗਿਓਂ
ਕੂ ਕੂ ਕਰਦੀ ਕੋਇਲ
ਮੇਰੇ ਦਿਲ ਦਿਆਂ ਬਾਗ਼ਾਂ !

ਆ ਵੇ ਮਿਲ਼ ਜਾ
ਬਲਵੀਰ ਨੂੰ ਆ ਕੇ
ਕੈਸਾ ਰੋਗ ਅਵੱਲੜਾ ਲਾਇਆ
ਨਿੱਤ ਹੁਣ ਤੇਰੀਆਂ ਤਾਂਘਾਂ !

ਜਿੰਦ ਮਲੂਕ ਜਿਹੀ
ਪਾ ਹਿਜਰ ਦੀ ਭੱਠੀ
ਬਿਰਹਾ ਬਿਰਹਾ ਗਾਵੇ
ਘਿਰ ਗਈ ਵਿੱਚ ਅਜ਼ਾਬਾਂ !
ਨੈਣ ਤਰਸ ਗਏ
ਰੂਹ ਪਈ ਤਰਸੇ
ਸੀਨੇ ਦੇ ਵਿੱਚ ਡੰਗ ਪਏ ਮਾਰੇ,
ਇਸ਼ਕ ਤੇਰੇ ਦੇ ਨਾਗਾਂ !

ਕਿਹੜੇ ਰੰਗ ਵਿੱਚ
ਰੰਗਿਆ ਮੈਨੂੰ,
ਵੇ ਮੈਂ ਤੱਤੜੀ
ਨਾ ਸੌਵਾਂ ਨਾ ਜਾਗਾਂ
੦



## ਹੁਣ ਮੈਂ

ਹੁਣ ਮੈਂ ਚੰਨ ਤਾਰਿਆਂ ਨੂੰ ਛੱਡ
ਆਪਣੇ ਆਪ ਨੂੰ
ਪਾਉਣ ਦੀ ਚਾਹਤ 'ਚ ਹਾਂ

ਮੈਂ ਨਹੀਂ ਉੱਡਣਾ
ਉਸ ਬੇਗ਼ਾਨੀ ਧਰਤੀ ਤੇ
ਮੈਨੂੰ ਮੇਰੀ ਜ਼ਮੀਨ ਨਾਲ਼
ਜੁੜਿਆ ਰਹਿਣ ਦੇ
ਮੇਰੇ ਜ਼ਮੀਰ ਨਾਲ਼
ਮੈਥੋਂ ਸਮਝੌਤਾ ਨਹੀਂ ਹੁੰਦਾ....!!

ਅਣਖ ਨਾਲ਼ ਜਿਊਣਾ ਸਿੱਖਿਆ
ਤੇਰੀ ਖ਼ੈਰਾਤ ਤੈਨੂੰ ਮੁਬਾਰਕ
ਕਦੇ ਹੱਥ ਫੈਲਾਉਣੇ ਨਹੀਂ ਸਿੱਖੇ
ਤੇ ਨਾ ਹੀ ਕਦੇ ਅੱਡਣੇ ਨੇ
ਮੈਨੂੰ ਕਮਜ਼ੋਰ ਸਮਝਣ ਦੀ ਹਿਮਾਕਤ
ਦੇਖੀਂ ਕਿਤੇ ਮਹਿੰਗੀ ਨਾ ਪਵੇ...!!

ਮੈ ਲੜਨਾ ਸਿੱਖਿਆ ਹੈ
ਜਿੱਥੇ ਕਿਤੇ ਮੇਰੇ ਹੱਕਾਂ ਤੇ
ਡਾਕਾ ਪਵੇ
ਜਾਂ ਮੇਰੀ ਹੋਂਦ ਤੇ ਸਵਾਲ ਉੱਠੇ....!!

ਹੁਣ ਤੂੰ ਵੀ ਆਪਣਾ ਪੜ੍ਹਿਆ ਵਿਚਾਰੀਂ
ਤੇਰੀ ਇੱਜ਼ਤ ਤੇਰੇ ਹੱਥ ਹੈ
ਤੇਰੀ ਸ਼ੋਹਰਤ ਤੈਨੂੰ ਮੁਬਾਰਕ

ਹੁਣ ਮੇਰੇ ਸਬਰ ਦੀ
ਇੰਤਹਾ ਹੋ ਗਈ
ਬੱਸ ਹੁਣ ਹੋਰ ਨਹੀ
ਮੇਰੀ ਬਗ਼ਾਵਤ ਨੂੰ
ਮੇਰਾ ਆਖ਼ਰੀ ਫ਼ੈਸਲਾ ਸਮਝੀਂ ....!!

ਆਪਣੇ ਆਪ ਨੂੰ ਢੂੰਡਣ
ਲੱਗੀ ਹਾਂ
ਮੈ ਨਹੀ ਛੂਹਣੇ ਆਸਮਾਨ
ਮੈ ਨਹੀ ਤੋੜਨੇ
ਅਸਮਾਨਾ ਦੇ ਤਾਰੇ
ਮੈ ਆਪਣੇ ਆਪੇ ਨੂੰ ਫਰੋਲ਼
ਖ਼ੁਦ ਨੂੰ ਸੰਭਾਲਣਾ ਹੈ
ਸੰਵਾਰਨਾ ਹੈ
ਤੇ ਨਵੀਆਂ ਪੈੜਾਂ ਤੇ ਚੱਲਣ ਦਾ
ਵੱਲ ਸਿੱਖਣਾ ਹੈ......!!
o



## ਪੈਂਡੇ

ਪੈਂਡੇ ਬੜੇ, ਔਖੇ ਅਸਾਡੇ ਸੀ
ਨਾ ਹੀ ਸੀ ਸਾਰ ਕਦਮਾਂ ਨੂੰ
ਰੁਕ ਘੜੀ ਪਲ ਹੀ ਜਾਵਣ
ਨਹੀ ਸੀ ਚੈਨ,
ਇਨਾ ਅਵਾਜ਼ਾਰ ਪੈਰਾਂ ਨੂੰ
ਕੰਡਿਆਂ ਦਾ ਸਫਰ ਲਮੇਰਾ ਸੀ
ਜੋ ਸਾਡੇ ਲਈ ਵਿਛਾਏ ਸੀ
ਅਸਾਂ ਸੀਅ ਨਹੀਂ ਕੀਤੀ
ਮੰਜ਼ਿਲ ਨੂੰ ਤਿਰਹਾਏ ਸੀ
ਸੜੇ ਨੇ ਪੈਰ ਵੀ ਸਾਡੇ
ਨਾ ਰੁਕਣਾ ਏ,
ਨਾ ਝੁਕਣਾ ਏ
ਤੁਰੇ ਰਫ਼ਤਾਰ ਵਿੱਚ ਰਹਿਣਾ
ਪੈਂਡੇ ਬੜੇ ਔਖੇ ਅਸਾਡੇ ਸੀ
ਨਾ ਹੀ ਸੀ ਸਾਰ ਕਦਮਾਂ ਨੂੰ

ਕਰੇ ਨਫ਼ਰਤ ਕੋਈ ਸਾਨੂੰ
ਉਹਨੂੰ ਵੀ ਪਿਆਰ ਹੈ ਕਰਨਾ
ਅਸੀਂ ਜੀਊਣਾ ਵੀ ਹੱਸ ਕੇ ਹੈ
ਅਸਾਂ ਹੱਸ ਕੇ ਹੀ, ਹੈ ਮਰਨਾ
ਦਿਲਾਂ ਵਿੱਚ ਪਿਆਰ ਹੈ ਪਲ਼ਦਾ
ਨਫ਼ਰਤ ਨਹੀਂ ਕੋਲ਼ ਦੀ ਲੰਘਦੀ
ਦਰਦਾਂ ਨੂੰ ਕੌਣ ਪੁੱਛਦਾ ਹੈ
ਨਾ ਮਿਲਦਾ ਹੈ, ਕੋਈ ਦਰਦੀ
ਮੈਂ ਹੱਸ ਕੇ ਸਾਰ ਦਿੰਦਾ ਹਾਂ
ਜ਼ਿਕਰ ਕੁਝ ਹੋਰ ਨਹੀਂ ਕਰਦਾ
ਪੈਂਡੇ ਬੜੇ ਔਖੇ ਅਸਾਡੇ ਸੀ
ਨਾ ਹੀ ਸੀ ਸਾਰ, ਕਦਮਾਂ ਨੂੰ

ਬੇਸ਼ੱਕ,
ਪਰਖੀਂ ਸੋਚ ਸਾਡੀ ਨੂੰ
ਤੈਂ ਕੋਹਾਂ ਤੋਂ ਨਹੀਂ ਰਲਣਾ
ਜੇ ਖੜ ਗਏ ਹਾਂ
ਤਾਂ ਖੜ ਗਏ ਹਾਂ
ਪਿੱਛੇ ਮੁੜਕੇ ਨਹੀ, ਵਹਿੰਦੇ
ਨਾ ਉੱਚਿਆਂ ਨੂੰ, ਸਿਰ ਝੁਕਾਇਆ ਏ
ਨਾਂ ਅਬਲਾ ਨੂੰ ਨੀਵਾਂ ਦਿਖਾਇਆ ਏ
ਜੋ ਬਾਹਾਂ ਖੋਹਲ ਕੇ ਮਿਲਦਾ
ਬੱਸ ਦਿਲ ਦੇ ਵਿੱਚ ਵਸਾਇਆ ਏ
ਮੈਂ ਪਾਈਆਂ ਬੇੜੀਆਂ ਨਹੀਓਂ
ਧਰਮਾਂ ਤੇ ਮਜ਼ਹਬਾਂ ਖ਼ਾਤਿਰ
ਮੈਂ ਸਾਂਝੀਵਾਲਤਾ ਦਾ
ਇੱਕ ਦੀਪ ਜਗਾਇਆ ਏ
ਪੈਂਡੇ ਬੜੇ ਔਖੇ ਅਸਾਡੇ ਸੀ
ਨਾਂ ਹੀ ਸੀ ਸਾਰ, ਕਦਮਾਂ ਨੂੰ...!!

ਨਹੀ ਕੋਈ ਮਾਣ 'ਢਿੱਲੋਂ' ਨੂੰ
ਨਾਂ ਹੀ ਅਰਸ਼ਾਂ ਤੇ, ਫ਼ਰਸ਼ਾਂ ਦਾ
ਜੋ ਲਿਖਿਆ ਹੈ ਮੇਰੇ ਹਿੱਸੇ
ਮੈਂ ਹੱਸ ਕੇ ਅਪਣਾਇਆ ਏ
ਖੜਿਆਂ ਹਾਂ ਸੱਚ ਦੀ ਖ਼ਾਤਿਰ
ਬੜਿਆਂ ਦੀਆਂ,
ਨਜ਼ਰਾਂ ਵਿੱਚ ਆਇਆ ਹਾਂ
ਕਰਦਾਂ ਹਾਂ ਸਜਦਾ ਓਹਨਾਂ ਨੂੰ
ਜਿਨ੍ਹਾਂ ਨੇ ਗਲ਼ ਨਾਲ਼ ਲਾਇਆ ਏ
ਪੈਂਡੇ ਬੜੇ ਔਖੇ ਅਸਾਡੇ ਸੀ
ਨਾਂ ਹੀ ਸੀ ਸਾਰ ਕਦਮਾਂ ਨੂੰ ..!!
o



## ਕਾਫ਼ਲਾ

ਤੁਰਿਆ ਹੈ ਕਾਫ਼ਲਾ,
ਗੀਤ ਤੇ ਗ਼ਜ਼ਲ ਦਾ
ਬੜੀ ਸ਼ਾਂਤ ਤੇ ਸਰਲ
ਤੁਰੀ ਜਾ ਰਹੀ ਗ਼ਜ਼ਲ
ਗੀਤ ਨੇ ਹੱਥ ਕੈਸੀ
ਇਹ ਵੰਝਲੀ ਫੜੀ
ਇਹ ਕੈਸਾ ਸੁਰ ਤੇ ਤਾਲ
ਕਵਿਤਾਵਾਂ ਦਾ ਮੇਲ ਜਿਉਂ
ਮਹਿਬੂਬ ਦੀ ਪਹਿਲੀ ਮੁਲਾਕਾਤ !

ਇੱਕ ਸ਼ੋਖ ਅਦਾ ਵਾਂਗ
ਮੋਢੇ ਤੇ ਸਰਕਦੀ ਚੁੰਨੀ
ਸ਼ਰਮ ਨਾਲ ਮੂੰਹ ਲਾਲ
ਇਹ ਕੈਸਾ ਮਿਲਣ
ਇਹ ਕੈਸੀ ਸ਼ੁਰੂਆਤ

ਵਾਲਾਂ 'ਚ ਟੰਗਿਆ ਫੁੱਲ
ਜਿਉਂ ਖਿੜ ਖਿੜ ਹੱਸ ਰਿਹਾ
ਕੋਈ ਤਾਂ ਡਾਹਢਾ ਭੇਦ
ਦਿਲ ਦਾ ਦੱਸ ਰਿਹਾ
ਇਹ ਬੁੱਲ੍ਹੀਆਂ ਤੇ ਮੁਸਕਾਨ
ਤੇ ਖਿੜਿਆ ਹੋਇਆ ਚਿਹਰਾ
ਦਿਲ ਦਾ ਵਿਹੜਾ
ਗੀਤਾਂ ਤੇ ਗ਼ਜ਼ਲਾਂ ਵਾਲਾ ਰਾਹੀ
ਇਹ ਕੈਸੀ ਬੀਨ ਵਜਾਵੇ
ਇਹ ਕੈਸੀ ਕਵਿਤਾ ਗਾਵੇ
ਹੱਸੇ ਖੇਡੇ ਦਿਲ ਨੂੰ ਭਾਵੇ
ਅੱਖਰ ਅੱਖਰ ਜੋੜ
ਕਵਿਤਾ, ਗੀਤ, ਗ਼ਜ਼ਲ ਬਣ ਜਾਵੇ ...!!
o

## ਸੱਜਣ ਜੀ...

ਸੱਜਣ ਜੀ ਅਸਾਂ,
ਵਿੱਚ ਉਡੀਕਾਂ,
ਗੀਤ ਗ਼ਮਾਂ ਦੇ
ਮਰ ਮਰ ਗਾਏ
ਤੁਸੀਂ ਲਾਰੇ ਲਾ,
ਮੁੜ ਫੇਰੇ ਨਾ ਪਾਏ,
ਜਿੰਦ ਪਈ ਤੜਫ਼ੇ,
ਸਾਹ ਪਏ ਸੁੱਕਣੇ ਪਾਏ !!

ਤਰਸਣ ਚੰਦਰੇ,
ਨੈਣ ਦੀਦ ਨੂੰ,
ਭਰ ਭਰ ਡੁੱਲਦੇ,
ਤੁਸਾਂ ਕਾਹਨੂੰ ਕਹਿਰ ਕਮਾਏ,
ਸੱਜਣ ਜੀ,
ਰੁੱਤ ਸਾਵਣ ਦੀ,
ਬਿਨ ਦੇਖਿਆਂ,
ਪਲ ਪਲ ਹੋ ਕੇ,
ਇੰਝ ਹੀ ਲੰਘ ਨਾ ਜਾਏ !!

ਲੰਮੀਆਂ ਰਾਤਾਂ,
ਚੰਨ ਤਾਰਿਆਂ ਨਾਲ਼,
ਤੇਰੀਆਂ ਬਾਤਾਂ,
ਹਉਕੇ ਭਰ ਭਰ,
ਡੁੱਲਣ ਜਦ ਵੀ,
ਨੈਣਾਂ ਹੰਝੂ ਵਹਾਏ,
ਸੱਜਣ ਜੀ,
ਅਸਾਂ ਤੇਰੇ ਬਾਝੋਂ,
ਮੁੜ ਕੱਜਲ ਨਾ ਪਏ !!



ਹਿਜਰ ਤੇਰੇ ਦਾ,
ਮੁੱਕਦਾ ਨਾ ਝੋਰਾ,
ਸਾਡੇ ਚਾਅ ਜਾਵਣ,
ਨਾ ਕਿਧਰੇ ਮੁਰਝਾਏ,
ਸੱਜਣ ਜੀ,
ਅਸਾਂ ਤੇਰੇ ਬਾਝੋਂ,
ਗੀਤ ਬਿਰਹੜੇ ਗਾਏ !!
○

## ਧਰਵਾਸ

ਐਸਾ ਕੁਝ ਨਹੀਂ ਲਿਖਿਆ
ਜਿਸ ਨਾਲ਼,
ਦਿਲ ਨੂੰ ਕੋਈ ਧਰਵਾਸ ਮਿਲ਼ੇ
ਟੁੱਟੇ ਹੋਏ ਤੰਦਾਂ ਨੂੰ
ਜੋੜਨ ਦੀ ਕੋਈ ਆਸ ਮਿਲ਼ੇ...!!

ਰੁੱਸ ਰੁੱਸ ਬਹਿ ਗਏ ਜਿਹੜੇ
ਪਹਿਲ਼ਾਂ ਈ,
ਫਿਰਦੇ ਵਿੱਚ ਫ਼ਿਤੂਰ ਬੜੇ
ਐਸਾ ਕੋਈ ਹੋਵੇ ਹੀਲਾ
ਦਿਲ ਨੂੰ ਕੋਈ ਧਰਵਾਸ ਮਿਲ਼ੇ...!!

ਝੁਕ ਝੁਕ ਵੀ ਤਾਂ ਦੇਖ ਲਿਆ
'ਢਿੱਲੋਂ'
ਲੋਕਾਂ ਸਮਝੀ ਕਮਜ਼ੋਰੀ
ਖੜ੍ਹ ਗਏ ਜਦ ਦੇ ਹਿੱਕ ਤਾਣ ਕੇ
ਹੋ ਗਏ ਖੜੇ ਮਲਾਲ ਮਿਲ਼ੇ...!!

ਰੁੱਖੀ ਮਿੱਸੀ ਖਾਧੀ, ਸੌਂ ਗਏ
ਚੁੱਪ ਚੁੱਪੀਤੇ,
ਏਸੇ ਵਿੱਚ ਭਲਾਈ ਸਮਝੀ
ਮੂੰਹ ਸਿੱਧੇ ਨਾ ਹੋਏ ਏਥੇ
ਨਾ ਨਾਲ਼ ਕਿਸੇ ਹੀ ਖ਼ਿਆਲ ਮਿਲ਼ੇ...!!

ਆਪਾਂ ਤਾਂ ਹੁਣ ਛੱਡ ਤੇ ਖਹਿੜੇ
ਐਸੀ ਦੁਨੀਆ ਦਾਰੀ ਦੇ
ਬੜੇ ਸੁਖੀ ਹਾਂ ਜਿੱਦਣ ਦੇ
ਰੂਹਾਂ ਦੇ ਸਾਥੀ
ਰੂਹਾਂ ਤਾਈਂ ਆਣ ਮਿਲ਼ੇ....!!



ਐਸਾ ਕੁਝ ਨਹੀਂ ਲਿਖਿਆ
ਜਿਸ ਨਾਲ਼,
ਦਿਲ ਨੂੰ ਕੋਈ ਧਰਵਾਸ ਮਿਲ਼ੇ
ਟੁੱਟੇ ਹੋਏ ਤੰਦਾਂ ਨੂੰ
ਜੋੜਨ ਦੀ ਕੋਈ ਆਸ ਮਿਲ਼ੇ...!!
o

## ਮਿੱਟੀ ਦੇ ਬੁੱਤ

ਮਿੱਟੀ ਦੇ ਇਸ ਬੁੱਤ
ਦੇ ਅੰਦਰ
ਜਦ ਮੈਂ ਝਾਤੀ ਮਾਰੀ
ਤੇਰੇ ਅਕਸ ਚੋਂ ਖੁੱਲਦੀ ਜਾਪੇ
ਮੇਰੇ ਅਕਸ ਦੀ ਬਾਰੀ

ਨਾਲ਼ ਗਈ ਨਾ
ਧੰਨ ਦੌਲਤ ਇਹ
ਹੁਸਨ ਸੁਹੱਪਣ ਦਾ
ਮਾਣ ਸੀ ਜਿਹੜਾ
ਉਹ ਮਿੱਟੀ ਵੀ
ਸਿਵਿਆਂ ਦੇ ਵਿੱਚ ਰਹਿ ਗਈ

ਤੂੰ ਜੋ ਲਿਖਿਆ ਮੱਥੇ ਮੇਰੇ
ਮੈਂ ਲੱਖ ਬਦਲਣਾ ਚਾਹਿਆ
ਪਰ ਜੋ ਤੈਨੂੰ ਹੈ ਮਨਜ਼ੂਰ
ਆਖਿਰ ਉਹ ਹੀ ਹੋਇਆ
ਬੰਦਾ ਆਪਣੀ ਮੈਂ ਨੂੰ
ਕਦੇ ਨਹੀਂ ਛੱਡਣਾ ਚਾਹੁੰਦਾ
ਜਿਹੜੇ ਸਾਹਾਂ ਦਾ
ਮਾਣ ਸੀ ਮੈਨੂੰ
ਉਹ ਵੀ ਆਪਣੇ ਨਾ ਲੱਗੇ
ਮੇਰੀ ਸਭ ਚਤੁਰਾਈ
ਜਿਵੇਂ ਧਰੀ ਧਰਾਈ ਰਹਿ ਗਈ



ਮੈਂ ਤਾਂ ਬਸ
ਇੱਕ ਗੱਲ ਇਹ ਸਿੱਖੀ
ਮੇਰੇ ਵੱਸ ਕੁਝ ਹੈ ਨਹੀਂ
ਹੁੰਦਾ ਓਹੀ
ਜੋ ਹੈ ਤੈਨੂੰ ਭਾਉਂਦਾ
ਬੰਦਾ ਤਾਂ ਬਸ ਮੇਰੀ 'ਮੈਂ'
ਵਿੱਚ ਫਸਿਆ
ਬਾਹਰ ਨਹੀਂ ਆਉਂਦਾ
o

## ਕਮਲ਼ਿਆ

ਉਹ ਕਹਿੰਦਾ,
ਦਿਲੋਂ ਪਿਆਰ ਕਰਦਾਂ ਤੈਨੂੰ
ਕਮਲ਼ਿਆ,
ਤੂੰ ਕੀ ਜਾਣੇ
ਮੇਰੀ ਜਾਨ ਵੀ,
ਤੇਰੇ 'ਚ ਹੀ ਫਸੀ ਰਹਿੰਦੀ ਏ ....!!

ਘੜੀ ਦਾ ਵਸਾਹ ਤੇ
ਨਾ ਹੀ ਨੈਣਾ ਨੂੰ ਚੈਨ
ਦਿਲ ਨੂੰ ਵੀ ਹੁਣ ਤਾਂ
ਦੇਖੇ ਬਿਨਾਂ
ਕਰਾਰ ਨਹੀਂ ਆਉਂਦਾ...!!

ਕੀ ਕਰਾਂ ਤੂੰ ਹੀ ਤੇ ਘੁੰਮਦਾ
ਮੇਰੀਆਂ ਅੱਖਾਂ ਸਾਹਮਣੇ
ਸੋਚਾਂ ਵਿੱਚ ਤੂੰ
ਧੜਕਣਾ ਵਿੱਚ ਤੂੰ
ਕੌਣ ਕਹਿੰਦਾ ਕੇ ਮੈਨੂੰ
ਤੇਰਾ ਪਿਆਰ ਨਹੀਂ ਆਉਂਦਾ....!!

ਤੇਰੇ ਨਾਲ਼ ਲਾਈ
ਸਾਹਾਂ ਨਾਲ਼ ਨਿਭਾਵਾਂਗੀ
ਜੇ ਕਹਿੰਨਾ ਤੇ
ਚੀਰ ਦਿਖਾਵਾਂ ਸੀਨਾ
ਕਿੰਨਾ ਸੋਹਣਿਆ ਵੇ
ਤੇਰਾ ਪਿਆਰ ਆਉਂਦਾ ....!!
o



## ਇੱਜ਼ਤ

ਮੈਂ ਦੇਖੇ ਨੇ
ਚਿੱਟੇ ਚੋਲ਼ਿਆਂ 'ਚ
ਬੀਬੇ ਰਾਣੇ,
ਚਿੱਟੀਆਂ ਦਾੜ੍ਹੀਆਂ ਵਾਲ਼ੇ
ਵੱਡੀਆਂ ਵੱਡੀਆਂ ਹਸਤੀਆਂ
ਪਿਓ ਦੀਆਂ ਉਮਰਾਂ ਵਾਲ਼ੇ
ਕਿੰਝ ਆਪਣੀਆਂ
ਧੀਆਂ ਦੀ ਉਮਰ ਦੀਆਂ
ਕੁੜੀਆਂ ਨੂੰ, ਉਹਨਾਂ ਦੇ ਕੱਪੜਿਆਂ
ਵਿੱਚੋਂ ਝਾਕਦੇ ਨੇ..!!

ਮੈਂ ਵੇਖਿਆ ਹੈ
ਭੋਰਾ ਭਰ ਜੁਆਕੜੀਆਂ
ਜੋ ਇਹਨਾਂ ਦੇ ਰੈਸਟੋਰੈਂਟਾਂ ਚ
ਇਹਨਾਂ ਦੇ ਵੱਡੇ ਵੱਡੇ ਕਾਰੋਬਾਰਾਂ 'ਚ
ਸੱਭ ਤੋਂ ਘੱਟ ਤਨਖਾਹਾਂ ਤੇ
ਕੰਮ ਕਰਦੀਆਂ ਨੇ
ਤੇ ਇਹੀ ਪਿਓ ਦੀ ਉਮਰ ਦੇ ਬੁੱਢੇ
ਕਿੰਨੀਆਂ ਗੰਦੀਆਂ ਨਜ਼ਰਾਂ ਨਾਲ਼
ਝਾਕਦੇ ਨੇ
ਇਹਨਾਂ ਨੂੰ ਇਹਨਾਂ ਦੇ
ਕੱਪੜਿਆਂ ਵਿੱਚ ਦੀ
ਅੱਖਾਂ ਨਾਲ਼ ਹੀ ਬੱਸ
ਜਿਵੇਂ ਬਲਾਤਕਾਰ ਕਰ ਦਿੰਦੇ ਨੇ...!

ਇਹ ਕੁੜੀਆਂ ਇਕੱਲੀਆਂ
ਬਾਹਰ ਆਉਂਦੀਆਂ
ਆਪਣੇ ਉੱਜਵਲ ਭਵਿੱਖ ਲਈ
ਪੜ੍ਹਾਈ ਦੇ ਨਾਲ ਨਾਲ ਕੰਮ ਕਰਦੀਆਂ
ਉਨੀਂਦਰੇ ਕੱਟ ਕੱਟ ਕੇ
ਫ਼ੀਸਾਂ ਤੇ ਕਿਰਾਏ ਪੂਰੇ ਕਰਦੀਆਂ
ਮਿਹਨਤਕਸ਼ ਕੁੜੀਆਂ ਨੂੰ
ਇੱਜਤ ਸਤਿਕਾਰ ਦੇਣ
ਜਾਂ ਇਹਨਾਂ ਬੱਚਿਆਂ ਦੀ
ਮਦਦ ਕਰਨ ਦੀ ਬਜਾਏ
ਸਾਡੇ ਲੋਕ ਇਹਨਾਂ ਦਾ ਫ਼ਾਇਦਾ ਉਠਾਉਂਦੇ ਨੇ..!!

ਅਸੀਂ ਲੋਕ ਕਿੰਨਾ ਗਿਰ ਗਏ ਹਾਂ
ਆਪਣੇ ਜ਼ਮੀਰ ਤੋਂ
ਆਪਣੀਆਂ ਹੀ ਨਜ਼ਰਾਂ ਤੋਂ
ਅਸੀਂ ਭੁੱਲ ਜਾਂਦੇ ਹਾਂ
ਸਾਡੀਆਂ ਵੀ ਧੀਆਂ ਹਨ
ਉਹ ਵੀ ਕਿਤੇ ਕੰਮ ਕਰਦੀਆਂ ਹਨ
ਉਹਨਾਂ ਨੂੰ ਵੀ ਕੋਈ ਗੰਦੀ ਨਜ਼ਰ ਨਾਲ਼
ਦੇਖਦਾ ਹੋਵੇਗਾ
ਅਸੀਂ ਭੁੱਲ ਜਾਂਦੇ ਹਾਂ
ਇਹਨਾਂ ਚਿੱਟਿਆਂ ਬਾਣਿਆਂ 'ਚ
ਕੀਤੇ ਹੋਏ ਸਾਡੇ ਕੁਕਰਮ
ਅਸੀਂ ਕਿੰਨੇ ਗਿਰ ਗਏ ਹਾਂ
ਸ਼ਾਇਦ ਅਸੀਂ ਭੁੱਲ ਗਏ ਹਾਂ
ਕਿ ਧੀਆਂ ਭੈਣਾਂ ਸਭ ਦੀਆਂ
ਸਾਂਝੀਆਂ ਹੁੰਦੀਆਂ

ਆਓ ਆਪਣੇ ਅੰਦਰ ਝਾਕੀਏ
ਝੰਜੋੜੀਏ ਆਪਣਾ ਸੁੱਤਾ ਹੋਇਆ ਜ਼ਮੀਰ
ਤੇ ਸਿਰਜੀਏ ਇੱਕ ਸਾਫ ਸੁਥਰੀ ਸੋਚ...!!
○



## ਤੂੰ ਤੇ ਮੈਂ

ਇਹ ਉਮਰਾਂ ਦਾ ਫਾਸਲਾ
ਤੈਅ ਕਰਦੇ ਕਰਦੇ
ਕਿੰਨਾ ਬਦਲ ਗਏ ਹਾਂ...

ਇਹ ਪਰਿੰਦਿਆਂ ਵਾਂਗ
ਰਾਤਾਂ ਨੂੰ ਘਰ ਵਾਪਸੀ
ਸਵੇਰ ਹੁੰਦਿਆਂ ਫੇਰ
ਨਵੀਂ ਪਰਵਾਜ਼ ਭਰ ਲੈਣੀ
ਤੇਰੇ ਤੇ ਮੇਰੇ ਵਿਚਕਾਰ ਦਾ
ਫਾਸਲਾ ਉਵੇਂ ਦਾ ਉਵੇਂ ਪਿਆ

ਕੁਈਨ ਸਾਈਜ਼ ਦੇ ਬੈੱਡ ਦੀ
ਜਗਹ ਹੁਣ ਕਿੰਗ ਸਾਈਜ਼
ਬੈੱਡ ਨੇ ਲੈ ਲਈ
ਉਦੋਂ ਦਾ ਇਹ ਫ਼ਾਸਲਾ
ਥੋੜ੍ਹਾ ਹੋਰ ਵਧ ਗਿਆ
ਇੱਕ ਕੋਨੇ ਤੇ
ਤੂੰ ਪਾਸਾ ਵੱਟੀ ਪਿਆ
ਤੇ ਇੱਕ ਕੋਨੇ ਤੇ ਮੈਂ...!!

ਸ਼ਾਇਦ ਹੁਣ ਪਾਸਾ ਵੱਟੇ ਬਗੈਰ
ਨੀਂਦ ਹੀ ਨਹੀਂ ਆਉਂਦੀ
ਸ਼ਾਇਦ
ਜ਼ਿੰਦਗੀ ਦੇ ਫ਼ਰਜ਼ ਪੂਰੇ ਕਰਦੇ ਕਰਦੇ
ਇਹ ਪਿੱਠ ਏਨੀ ਕੁੱਬੀ ਹੋ ਗਈ ਕਿ
ਇਹ ਪਾਸੇ ਉਮਰਾਂ ਦਾ ਸਾਥ ਬਣ ਗਏ...!!

ਵੱਡਿਆਂ ਘਰਾਂ 'ਚ
ਇੱਕ ਨਿੱਘ ਵਾਲ਼ਾ ਕੋਨਾ ਲੱਭਦਿਆਂ
ਉਮਰ ਬੀਤ ਗਈ....!!

ਉਮਰ ਬੀਤ ਗਈ
ਇਹ ਫ਼ਾਸਲੇ ਵਧਾਉਂਦਿਆਂ
ਜੋ ਸ਼ਾਇਦ ਹੁਣ
ਚਾਹੁੰਦਿਆਂ ਵੀ
ਨਜ਼ਦੀਕੀਆਂ 'ਚ ਬਦਲਣੇ
ਨਾ-ਮੁਮਕਿਨ ਜਾਪਦੇ .....!!
o



## ਤੇ ਮੈਂ ਗੁੰਮ ਹਾਂ.....!!

ਜੰਗਲ ਹੀ ਜੰਗਲ
ਹਨੇਰੀ ਰਾਤ
ਇੱਕ ਕਵਿਤਾ
ਤੇ ਮੈਂ ਗੁੰਮ ਹਾਂ .....!!

ਇੱਕ ਭਟਕਣਾ
ਅਹਿਸਾਸਾਂ ਦੀ ਤੜਪ
ਇੱਕ ਛੋਹ ਵਿਹੂਣੀ ਖਿੱਚ
ਤਰਲੋ ਮੱਛੀ ਹੁੰਦਾ ਮਨ
ਕਿਹੜੇ ਵੀਰਾਨ ਰਾਹੇ ਤੁਰ ਪਿਆ.....!!

ਇਹ ਬੀਆਬਾਨ ਜੰਗਲ
ਚੁੱਪ ਦੇ ਸ਼ੋਰ ਵਿੱਚੋਂ
ਆਪਣੇ ਅੰਦਰਲਾ ਸੰਨਾਟਾ
ਕਿੰਝ ਤੋੜਾਂ ......!!

ਇਹ ਬੇਬਾਕ ਮਨ
ਧਸਦਾ ਜਾ ਰਿਹਾ
ਉਸ ਵਿਰਾਨੀਅਤ ਦੀ ਤਹਿ ਵਿੱਚ
ਖ਼ੁਦ ਨੂੰ ਭਾਲ਼ਦਾ ਹੋਇਆ
ਇਹ ਆਪਣਾ ਆਪ
ਕਿੰਝ ਮੁਕਾਉਂਦਾ ......!!

ਇੱਕ ਹਸੀਨ ਪਲ
ਸਕੂਨ ਦੀ ਭਾਲ਼
ਤੇ ਖ਼ੁਦ ਦੀ ਖੋਜ
ਇੱਕ ਆਤਮ ਸਮਰਪਣ
ਸੋਚ ਦਾ ਬਦਲਾਵ ਤੇ
ਇੱਕ ਕਵਿਤਾ ਦੀ ਉਪਜ
ਬੱਸ ਇੰਝ ਹੀ ਚੱਲਦਾ
ਇਹ ਵੀਰਾਨ ਰਾਹਾਂ ਦਾ ਸਫ਼ਰ .....!!
੦



## ਔਰਤ ਕਦੇ ਬੁੱਢੀ ਨਹੀਂ ਹੁੰਦੀ

ਔਰਤ ਕਦੇ ਬੁੱਢੀ ਨਹੀਂ ਹੁੰਦੀ
ਭਾਵੇਂ ਉਮਰ ਜਿੰਨੀ ਵੀ ਹੋਵੇ
ਬੱਸ ਇਹ ਪੱਚੀ ਤੀਹ ਦੀ ਲੱਗੇ
ਬਿਊਟੀ ਪਾਰਲਰ ਜਾ ਆਉਂਦੀ ਏ
ਹਰ ਵਾਰੀ ਹੀ ਪੰਜ ਸੱਤ ਸਾਲ
ਆਪਣੀ ਉਮਰ ਘਟਾ ਆਉਂਦੀ ਏ
ਵਾਲ ਇਹ ਚਿੱਟੇ ਹੋਣ ਨਾ ਦੇਂਦੀ
ਕਦੇ ਹਾਈਲਾਈਟ
ਤੇ ਕਦੇ ਸਟਰੀਕ ਪਵਾ ਆਉਂਦੀ ਏ..!!

ਗੋਰੀ, ਚਿੱਟੀ ਭਾਵੇਂ ਹੋਵੇ ਕਾਲ਼ੀ
ਫੇਸ਼ੀਅਲ ਲੇਜ਼ਰ ਬੋਟੋਕਸ ਤੇ
ਪਤਾ ਨਹੀਂ ਕੀ ਕੀ ਕਰਵਾਕੇ
ਰੱਬ ਨੂੰ ਵੀ,
ਭੁਲੇਖੇ ਪਾ ਆਉਂਦੀ ਏ....!!

ਜੇ ਕੋਈ ਪੁੱਛ ਲਏ ਉਮਰ ਇਸਦੀ
ਕਹਿ ਦੇਂਦੀ ਏ
ਉਮਰਾਂ ਦੇ ਵਿੱਚ ਕੀ ਹੈ ਰੱਖਿਆ
ਜਵਾਨ ਦਿਲਾਂ ਦੀਆਂ ਗੱਲਾਂ ਕਰਕੇ
ਬੱਸ ਸਭ ਨੂੰ ਹੀ ਉਲ਼ਝਾ ਆਉਂਦੀ ਏ....!!

ਨਾਲ਼ ਤੁਰੇ ਜਦ ਜੀਵਨ ਸਾਥੀ
ਪਿਉ ਧੀਅ ਜਾਂ ਫਿਰ
ਲੱਗੇ ਬਾਬਾ ਪੋਤੀ
ਅੱਡੀਆਂ ਰਹਿੰਦੀਆਂ ਅੱਖਾਂ ਸਭ ਦੀਆਂ
ਸੱਭ ਨੂੰ ਚੱਕਰਾਂ ਵਿੱਚ ਪਾ ਆਉਂਦੀ ਏ....!!

ਜਿਮ ਜਾ ਆਉਂਦੀ
ਜਾਂ ਵਾਕ ਇਹ ਕਰਦੀ
ਆਪਣੇ ਆਪ ਨੂੰ ਫਿੱਟ ਇਹ ਰੱਖੇ
ਸਕਿੱਨ ਟਾਈਟ ਕਰਵਾ ਕੇ
ਫਿੱਗਰ ਜਿਹਾ ਬਣਾ ਆਉਂਦੀ ਏ....!!

ਅੱਪਡੇਟ ਹਰ ਫ਼ੈਸ਼ਨ ਰੱਖਦੀ
ਹਰ ਮਹੀਨੇ ਹੀ,
ਸੂਟ ਨਵਾਂ ਸਵਾ ਲੈਂਦੀ ਦੇ
ਸਲਵਾਰ, ਕਮੀਜ਼ ਪਜਾਮੀਆਂ, ਅਤੇ ਸ਼ਰਾਰੇ
ਕਦੇ ਪਲਾਜ਼ੋ ਪਾ ਲੈਂਦੀ ਏ.....!!

ਔਰਤ ਬੜੀ ਮਿਹਨਤੀ ਏਥੇ
ਕੱਪੜੇ ਲੀੜੇ ਤੇ
ਬੀਊਟੀ ਪਾਰਲਰ
ਜਾ ਫਿਰ ਗੋਲ੍-ਗੱਪੇ ਜਿਹੇ ਖਾ ਕੇ
ਸਾਰੀ ਸੈਲਰੀ ਜਦੋਂ ਗਵਾ ਆਉਂਦੀ ਏ.....!!

ਢਿੱਲੋਂ ਕਰੇ ਅਰਜੋਈ ਸੱਭ ਨੂੰ
ਕਿਹੜੇ ਪਈਆਂ ਔਰਤਾਂ ਜੱਬ ਨੂੰ
ਨਕਲੀ ਲਾਕੇ ਨੌਂਹ ਜਦ ਏਹੇ
ਨੇਲਪਾਲਿਸ਼ ਲਵਾ ਆਉਂਦੀ ਏ...!!

ਲੱਗਦਾ ਨਹੀਂ ਫਿਰ
ਇਹ ਕੋਈ ਕੰਮ ਵੀ ਕਰਦੀ
ਜੌਬਾਂ ਕਰਕੇ, ਭਾਂਡੇ ਟੀਂਡੇ ਰੋਟੀ ਟੁੱਕ ਕਰਕੇ
ਘਰ ਨੂੰ ਵੀ ਲਿਸ਼ਕਾ ਲੈਂਦੀ
ਪਰ ਹਾਂ ਔਰਤ ਕਦੇ ਬੁੱਢੀ ਨਹੀਂ ਹੁੰਦੀ ....!!
o



## ਮੈਂ ਕਦੋਂ

ਮੈਂ ਕਦੋਂ ਮੰਗਿਆ ਸੀ
ਤੇਰੇ ਮਹਿਲ ਮੁਨਾਰਿਆਂ
ਉੱਚੀਆਂ ਹਵੇਲੀਆਂ
ਜ਼ਮੀਨਾਂ ਜਾਇਦਾਦਾਂ
ਤੇਰੀਆਂ ਬੈਂਕਾਂ ਤੇ
ਵਹੀ ਖਾਤਿਆਂ
ਦਾ ਹਿਸਾਬ.....!!

ਮੈਂ ਤੇ ਸਿਰਫ
ਮੰਗਿਆ ਸੀ
ਆਪਣੇ ਹਿੱਸੇ ਦਾ ਪਿਆਰ
ਤੇ ਆਪਣੇ ਹਿੱਸੇ ਦਾ
ਆਕਾਸ਼
ਬੱਸ ਤੂੰ ਤੇ
ਐਂਵੇ ਖਫਾ ਹੋ ਗਿਓਂ....!!
o

## ਉਹ ਕਹਿੰਦਾ

ਉਹ ਕਹਿੰਦਾ
ਭਾਵਨਾਵਾਂ ਤੋਂ ਬਿਨਾਂ
ਲੋਕ ਖੌਰੇ ਕਵਿਤਾ
ਕਿੰਞ ਲਿਖ ਲੈਂਦੇ
ਤੇ ਮੈਂ ਸੋਚਿਆ
ਸਾਰੀ ਉਮਰ
ਭਾਵਨਾਵਾਂ ਨੂੰ ਦਬਾ ਦਬਾ
ਹੁਣ ਤੇ ਆਦਤ ਪੈ ਗਈ

ਕਵਿਤਾ ਇਕੱਲੀ
ਭਾਵਨਾਵਾਂ ਨਾਲ਼ ਹੀ ਨਹੀਂ ਲਿਖੀ ਜਾਂਦੀ
ਜ਼ਿੰਦਗੀ ਦੀਆਂ ਤਲਖ਼ ਸੱਚਾਈਆਂ
ਖ਼ੁਦ ਆਪ
ਕਵਿਤਾ ਬਣ ਵਿਚਰਦੀਆਂ ਨੇ
ਉਹ ਕਵਿਤਾਵਾਂ ਕਦੇ
ਭਾਵਨਾਵਾਂ ਤੋਂ ਵਿਹੂਣੀਆਂ ਨਹੀਂ ਹੁੰਦੀਆਂ
ਜੋ ਦੁੱਖ ਦਰਦ
ਸ਼ੋਰ ਸ਼ਰਾਬੇ
ਤੇ ਕਦੇ ਮੌਨ ਵਰਤ ਵਿੱਚੋਂ ਦੀ
ਗ਼ੁਜ਼ਰਦਿਆਂ ਕਾਗ਼ਜ਼ ਤੇ
ਉੱਤਰਦੀ ਏ
ਇਹ ਉਹੀ ਕਵਿਤਾ ਹੈ....!!
੦



## ਮੇਰੇ ਅੰਦਰ

ਆ ਮੇਰੇ ਦਿਲ ਵਿੱਚ ਝਾਕ,
ਮੇਰੀ ਸ਼ਿੱਦਤ,
ਮੇਰੀ ਚਾਹਤ,
ਤੇਰੀ ਬੇਰੁਖ਼ੀ ਨਾਲ,
ਟੁੱਟੇਗੀ ਨਹੀਂ
ਮੇਰੇ ਇਰਾਦੇ,
ਏਨੇ ਕਮਜ਼ੋਰ ਨਹੀਂ,
ਜੋ ਹਨੇਰੀਆਂ ਦੇ ਡਰੋਂ,
ਹਵਾਵਾਂ ਵਿੱਚ ਬਿਖ਼ਰ ਜਾਣ !

ਆ ਜੇ ਪਰਖਣਾ ਏ,
ਮੇਰੇ ਵਾਂਗ ਹਿੰਮਤ,
ਨਿਡਰਤਾ ਤੇ
ਦਿਲ ਵਿੱਚ,
ਯਕੀਨ ਰੱਖ ਕੇ ਆ,
ਕਿਉਂਕਿ,
ਕਦਮ ਕਦਮ ਤੇ ਭਟਕਣ ਵਾਲੇ,
ਨਾ ਹੀ ਕਿਸੇ ਨੂੰ ਪਰਖ਼ ਸਕਦੇ ਨੇ,
ਤੇ ਨਾ ਖ਼ੁਦ ਪਰਖ਼ੇ ਜਾਂਦੇ ਨੇ !

ਆ ਅਜੇ ਵੀ ਦੇਰ ਨਹੀਂ ਹੋਈ,
ਇੱਕ ਵਾਰ ਤਾਂ,
ਦਿਲ ਤੇ ਦਸਤਕ ਦੇ,
ਇਹ ਸ਼ਿੱਦਤ,
ਤੇ ਬੇਪਨਾਹ ਮੁਹੱਬਤ,
ਤੇਰੀ ਬੇਰੁਖ਼ੀ ਨਾਲ਼,
ਕਿੰਞ ਤੜਫ਼ਦਾ ਹੈ,
ਇਹ ਅਹਿਸਾਸ ਤੂੰ ਕੀ ਜਾਣੇ !

ਖੋਖਲੇ ਦਿਲਾਂ ਵਿੱਚ,
ਚਿਰਾਗ ਜਲਾਉਣੇ,
ਏਨੇ ਸੌਖੇ ਨਹੀਂ ਹੁੰਦੇ,
ਤੇ ਜਿਸਮਾਂ ਪਿੱਛੇ ਭਟਕਣ ਵਾਲ਼ੇ,
ਕਦੇ ਦਿਲਾਂ ਵਿੱਚ,
ਜਗ੍ਹਾ ਨਹੀਂ ਬਣਾਉਂਦੇ,
ਦਿਲਾਂ ਵਿੱਚ ਝਾਕਣ ਦੀ ਲੋੜ ਹੈ,
ਪਿਆਰ ਰੂਹਾਂ ਨਾਲ਼ ਹੁੰਦੈ,
ਜਿਸਮ ਤੇ ਮਿੱਟੀ ਹੋ ਜਾਣਾ ਐ !
o



## ਵਕਤ ਦਾ ਚਲਣ

ਹਾਲਾਤ ਗੁਜ਼ਰ ਜਾਵੇਗਾ
ਸਮਾਂ ਲਵੇਗਾ
ਇੱਕ ਅੰਗੜਾਈ
ਤੇ ਬਦਲੇਗਾ ਕਰਵਟ
ਉਦਾਸ ਨਾ ਹੋ
ਮਨ ਚੰਚਲ ਹੈ
ਸਮੇਂ ਨਾਲ ਬਦਲਦਾ
ਤੇ ਭਾਵਨਾਵਾਂ 'ਚ
ਵਹਿ ਤੁਰਦਾ,
ਕਿੰਨਾ ਕਠੋਰ ਹੈ
ਇਸ ਵਕਤ ਦਾ ਚਲਣ....!!
o

## ਫ਼ਕੀਰੀ

ਮਨ ਦੀ ਫ਼ਕੀਰੀ
ਤਨ ਦੀ ਫ਼ਕੀਰੀ
ਸੱਧਰਾਂ ਦਾ
ਚੁੱਪ ਚਾਪ ਬਹਿ ਜਾਣਾ
ਇੱਕ ਹਾਉਕਾ ਜਿਹਾ ਭਰਕੇ
ਆਪਣੇ ਆਪ ਨੂੰ ਫੇਰ
ਯਾਦ ਕਰਵਾਉਣਾ
ਧਰਤੀ ਤੇ ਹੇਠਾਂ ਲਾਹੁਣਾ
ਉੱਡਦੇ ਹੋਏ ਜਜ਼ਬਾਤਾਂ ਨੂੰ
ਉਮੜ ਰਹੀਆਂ ਇੱਛਾਵਾਂ ਨੂੰ
ਬੱਸ ਇਹ ਬੇਵਸੀ
ਕਿਸੇ ਹਾਰ ਨਾਲ਼ੋਂ
ਘੱਟ ਨਹੀਂ ਜਾਪਦੀ....!!

ਕਿੰਨਾ ਕਠੋਰ ਹੈ
ਜ਼ਿੰਦਗੀ ਦਾ ਸਫਰ
ਇਹ ਲੰਬੀਆਂ ਰਾਹਾਂ
ਮੁੱਕਣ ਦਾ ਨਾ ਨਹੀਂ ਲੈਂਦੀਆਂ
ਕੀ ਹੁਣ ਹਾਰ ਮੰਨ ਕੇ
ਸਭ ਹਥਿਆਰ ਸੁੱਟਣਾ
ਜਾਇਜ਼ ਹੈ...!!

ਤੂੰ ਉਹ ਨਹੀਂ
ਜੋ ਦਿਸਦੈਂ
ਜੋ ਲੱਗਦੈਂ
ਕਿੰਨਾ ਕੁ ਪਰਖੇਂਗਾ
ਤੇ ਕਿਸ ਹੱਦ ਤੱਕ
ਕਿਸ ਅਖੀਰ ਤੱਕ
ਮੇਰਾ ਯਕੀਨ ......!!
੦



## ਪੈਗਾਮ

ਸ਼ਾਮ ਢਲ਼ੇ ਉੜ ਗਏ
ਪੰਛੀਆਂ ਦੇ ਨਾਮ ਹੈ
ਮੇਰਾ ਹਰ ਸ਼ਖਸ ਨੂੰ
ਏਹੋ ਹੀ ਪੈਗ਼ਾਮ ਹੈ
ਵੰਡੋ ਕਦੇ ਖ਼ੁਸ਼ੀਆਂ
ਹਾਸੇ ਬਖੇਰੋ ਖੁੱਲ੍ਹ ਕੇ
ਭੌਰ ਵੀ ਆ ਕੇ
ਬਹਿੰਦਾ ਖਿੜੇ ਹੋਏ ਫੁੱਲ ਤੇ...!!

ਤੂੰ ਨਹੀਂ ਬੈਠਾ ਇਕੱਲਾ
ਦੁੱਖਾਂ ਵਾਲ਼ੀ ਸੇਜ ਤੇ
ਦੇਖੇ ਬੜੇ ਨੇ ਲੋਕ ਮੈਂ
ਜਜਬਾਤਾਂ ਦੇ ਨਾਲ਼ ਖੇਲਦੇ
ਆ ਜ਼ਰਾ ਤੂੰ ਵੀ
ਹੱਸ ਲੈ, ਗਮਾਂ ਨੂੰ ਭੁੱਲ ਕੇ...!!

ਹੈ ਨਹੀ ਹਸਤੀ ਮੇਰੀ
ਕੁੱਝ ਬੋਲ ਕੇ ਹੀ ਕਹਿ ਸਕਾਂ
ਅੱਖਰਾਂ ਨੂੰ ਸਿਰਜ ਲੈ
ਆ ਜਾ ਤੂੰ ਸਭ ਕੁੱਝ ਭੁੱਲ ਕੇ...!!

ਵੰਡੋ ਕਦੇ ਖ਼ੁਸ਼ੀਆਂ
ਹਾਸੇ ਬਖੇਰੋ ਖੁੱਲ੍ਹ ਕੇ
ਭੌਰ ਵੀ ਆ ਕੇ
ਬਹਿੰਦਾ ਖਿੜੇ ਹੋਏ ਫੁੱਲ ਤੇ...!!
੦

## ਵਿਰਲਾਪ

ਧੁੱਖਦਾ ਪਿਆ ਹੈ ਰੋਜ਼ ਸਿਵਾ,
ਵੇ ਸਿਆਸਤ ਦਿਆ ਜਾਲਮਾਂ,
ਕਦੇ ਨਸ਼ਿਆਂ 'ਚ
ਕਦੇ ਬੇਰੁਜਗਾਰੀ,
ਕਦੇ ਗਰੀਬੀ,
ਕਦੇ ਬੇਇਨਸਾਫ਼ੀ,
ਕਦੇ ਲਾਚਾਰੀ,
ਇਹ ਆਮ ਇਨਸਾਨ,
ਬਸ ਦਿਨੋ ਦਿਨ,
ਮਰਦਾ ਜਾ ਰਿਹਾ.......!!

ਧੁੱਖਦਾ ਪਿਆ ਹੈ,
ਰੋਜ਼ ਸਿਵਾ ਸੱਧਰਾਂ ਦਾ
ਮਾਵਾਂ ਦੇ ਵੈਣ,
ਭੈਣਾ ਦਾ ਵਿਰਲਾਪ,
ਚੂੜੀਆਂ ਭੰਨਦੀ ਨਾਰ,
ਹੋ ਰਿਹਾ ਹਰ ਸੁਪਨਾ,
ਤਾਰ ਤਾਰ,
ਬੱਸ ਹੋ ਰਿਹਾ ਖਾਲੀ,
ਹਰ ਘਰ, ਹਰ ਪਰਿਵਾਰ,
ਉੱਜੜੇ ਹੋਏ ਥੜਿਆਂ ਤੇ,
ਹੁਣ ਢਾਣੀਆਂ ਬਣ ਨਹੀਂ ਬਹਿੰਦੇ,
ਓਹ ਬਾਬੇ ਬੋਹੜ ...!



ਬੱਸ ਸਿਆਸਤ ਦਾ ਜ਼ਹਿਰ,
ਹਰ ਘਰ,
ਹਰ ਮੋੜ,
ਹਰ ਗਲ਼ੀ ਵਿੱਚ ਫੈਲ,
ਇਨਸਾਨੀਅਤ ਦਾ ਕਤਲ ਕਰ,
ਮਾਸੂਮੀਅਤ ਦਾ ਖ਼ੂਨ ਪੀ,
ਬੱਸ ਆਪਣਾ ਹੀ,
ਜਾਲ਼ ਵਿਛਾ ਰਿਹਾ...!!
○

## ਦੁਆ ਕਰੋ ਕੋਈ

ਮੌਤ ਤੇ ਜ਼ਿੰਦਗੀ ਵਿਚਾਲੇ
ਹੈ ਰਤਾ ਕੁ ਫਾਸਲਾ
ਰੂਹਾਂ ਦਾ ਹੋਵੇ ਮਿਲਣ
ਦੁਆ ਕਰੋ ਕੋਈ!

ਮਿਟ ਜਾਵਣ ਹੁਣ ਤਾਂ
ਨਫਰਤਾਂ ਤੇ ਭਰਮ
ਮੁਹਬਤ ਦਾ ਆਗਾਜ਼ ਹੋਵੇ
ਦੁਆ ਕਰੋ ਕੋਈ!

ਸਾਡਿਆਂ ਰਾਹਾਂ 'ਚ
ਵਿਛੋੜਿਆਂ ਦੇ ਪੰਧ
ਮੰਜ਼ਿਲ ਮਿਲੇ ਛੇਤੀ
ਦੁਆ ਕਰੋ ਕੋਈ!

ਸੈਲਾਬ ਅੱਖਾਂ 'ਚ
ਲੈ ਨਾ ਤੂਫਾਨ ਕੋਈ ਆਵੇ
ਭਰਾਂ ਪਰਵਾਜ਼ ਹੁਣ ਤਾਂ ਮੈਂ
ਦੁਆ ਕਰੋ ਕੋਈ!
o



## ਪ੍ਰਦੂਸ਼ਣ

ਬੜਾ ਹੀ ਪ੍ਰਦੂਸ਼ਣ ਹੈ,
ਰਾਵਣ ਦਾ ਪੁਤਲਾ ਜਲਾਈ ਜਾਂਦੇ ਹੋ !
ਉਸ ਮਰੇ ਹੋਏ ਨੂੰ,
ਹਰ ਸਾਲ ਮਾਰਦੇ ਹੋ !
ਪਰ ਆਪਣੇ ਅੰਦਰ ਬੈਠਾ,
ਰਾਵਣ ਜਗਾਈ ਜਾਂਦੇ ਹੋ !
ਸਾੜਨਾ ਹੈ ਤੇ,
ਆਪਣੇ ਅੰਦਰਲਾ ਰਾਵਣ ਸਾੜੋ !

ਕਿਉਂ ਮੋਇਆਂ ਨੂੰ ਮਾਰਦੇ ਹੋ,
ਕਿਉਂ ਸਿਵਿਆਂ ਦੀ ਧੂੜ ਉਡਾਈ ਜਾਂਦੇ ਹੋ !
ਬਦਲਨਾ ਹੈ ਤੇ,
ਬਦਲੋ ਆਪਣੀ ਇਹ ਸੋਚ !
ਕਿਉਂ ਇਸ ਜਿੰਦਗੀ ਨੂੰ,
ਵਹਿਮਾ 'ਚ ਗਵਾਈ ਜਾਂਦੇ ਹੋ !
ਰਾਵਣ ਤੇ,
ਕਦ ਦਾ ਮਰ ਗਿਆ ਸੀ !
ਕਿਉਂ ਉਸਦਾ ਅਕਸ,
ਆਪਣੇ ਅੰਦਰ ਵਸਾਈ ਜਾਂਦੇ ਹੋ !
ਬੜਾ ਹੀ ਪ੍ਰਦੂਸ਼ਣ ਹੈ,
ਰਾਵਣ ਦਾ ਪੁਤਲਾ ਜਲਾਈ ਜਾਂਦੇ ਹੋ !
o

## ਬੇਵੱਸ

ਦਿਲ ਭਰਿਆ ਭਰਿਆ ਹੈ
ਮੈ ਬਹੁਤ ਕੁਝ
ਜਰਨਾ ਸਿੱਖ ਲਿਆ ਹੈ
ਖੁਦ ਨੂੰ ਕਿੰਨਾ
ਇਕੱਲਾ ਕਰ ਲਿਆ ਹੈ..!!

ਕਦੇ ਕਦੇ
ਗੂੰਗੀ ਜਿਹੀ ਹੋ ਜਾਂਦੀ ਆਂ
ਲਫ਼ਜ ਮੁੱਕ ਜਾਂਦੇ ਆ
ਹੁੰਗਾਰਾ ਭਰਨ ਨੂੰ
ਦਿਲ ਨਹੀਂ ਕਰਦਾ
ਮੈਂ ਹੁਣ ਉਹ ਨਹੀ ਰਹੀ..!!

ਪਹਿਲਾਂ ਤਾਂ ਸ਼ਰਾਰਤਾਂ
ਕਰ ਲੈਂਦੀ ਸੀ
ਤੇਰੇ ਨਾਲ਼ ਲੜ ਲੈਂਦੀ ਸੀ
ਬਹੁਤ ਕੋਸ਼ਸ਼ਾਂ ਕਰਨੀਆਂ
ਸਭ ਠੀਕ ਹੋ ਜਾਵੇ
ਪਰ ਕਦੇ ਕਦੇ
ਬੇਵੱਸ ਤੇ
ਲਾਚਾਰ ਜਿਹੀ ਹੋ ਜਾਂਦੀ ਆਂ...!!

ਸਭ ਕੁਝ ਤੇ ਬਦਲ ਗਿਆ
ਮੈਂ ਵੀ ਬਦਲ ਗਈ ਆਂ
ਤੂੰ ਵੀ ਕਦੇ ਸਮਝਣ ਦੀ
ਕੋਸ਼ਿਸ਼ ਨਹੀ ਕੀਤੀ
ਮੈਂ ਖੁਦ ਨਾਲ਼ ਗੱਲ ਕਰਕੇ
ਆਪੇ ਜਵਾਬ ਦੇ ਲੈਂਦੀ ਹਾਂ...!!



ਕਦੇ ਖੁਸ਼ ਵੀ ਹੋਵਾਂ
ਤਾਂ ਅੱਖਾਂ ਨਮ ਹੋ ਜਾਂਦੀਆਂ
ਉਦਾਸੀ ਮੇਰਾ
ਜੀਣਾ ਮੁਹਾਲ ਕਰ ਦਿੰਦੀ ਏ
ਹੰਝੂ,
ਕੋਇਆਂ ਦੀ ਦਹਿਲੀਜ ਤੇ ਬਹਿ
ਮੈਨੂੰ ਦਿਲਾਸਾ ਦਿੰਦੇ ਨੇ..!!

ਸਭ ਕੁਝ ਕਿੰਨਾ
ਖਾਲੀ ਖਾਲੀ ਹੋ ਗਿਆ
ਬਹੁਤ ਸਾਰੇ ਸੁਪਨੇ
ਅਧੂਰੇ ਹੀ ਮਰ ਗਏ
ਕਿੰਨੀ ਸਿਆਣੀ ਹੋ ਗਈ ਹਾਂ
ਮੈਂ ਖਵਾਹਿਸ਼ਾਂ ਦੀ ਗੱਠੜੀ ਬੰਨ
ਪਤਾ ਨਹੀਂ ਕਿਹੜੇ
ਖੂੰਜੇ 'ਚ ਰੱਖ ਦਿੱਤੀ ਏ..!!

ਕਦੇ ਕਦੇ ਆਪੇ ਹੱਸਦੀ ਆਂ
ਅੱਖਾਂ 'ਚ ਚਮਕ ਹੁੰਦੀ ਏ
ਫੇਰ ਸੋਚਦੀ ਹਾਂ
ਤੇਰੇ ਨਾਲ਼ ਰਹਿ ਕੇ
ਮੈਂ ਕਿੰਨੀ ਇਕੱਲੀ
ਹੋ ਗਈ ਹਾਂ ....!!
o

## ਬੰਨ੍ਹ ਸਬਰਾਂ ਦੇ

ਸਾਰੀ ਉਮਰ ਹੀ ਨੱਚੇ ਜਿਹੜੇ
ਚੜ੍ਹ ਦੂਜਿਆਂ ਦੀਆਂ ਉਂਗਲ਼ਾਂ ਤੇ
ਸਾਡੇ ਕੋਲ਼ੋਂ ਭਾਲਣ ਹੁਣ ਉਹ
ਨਿੱਘ ਮਿੱਠੇ ਸਾਥ ਲਮੇਰਿਆਂ ਦਾ...!!

ਜ਼ਿੰਦਗੀ ਗਾਲ਼ ਤੀ ਸਹਿ ਸਹਿ
ਹੁੱਜਤਾਂ ਹਿਜਰਾਂ ਝੇੜਿਆਂ ਨੂੰ
ਹੁਣ ਚਹੁੰਦੇ ਨੇ ਸਾਥੋਂ
ਸਾਥ ਉਹ ਖੁਸ਼ੀਆਂ ਖੇੜਿਆਂ ਦਾ...!!

ਬਣਦਾ ਜੋ ਸਤਿਕਾਰ ਪਿਆਰ
ਕਦੇ ਦਿੱਤਾ ਨਾ
ਖਾਲੀ ਦੀਵੇ ਸਾਥ ਦੇਣ ਕਿੰਝ
ਰੌਸ਼ਨ ਚਾਰ ਚੁਫ਼ੇਰਿਆਂ ਦਾ...!!

ਅੱਗ ਲਾ ਕੇ ਤੂੰ ਫੂਕ ਲਵੀਂ
ਜਿਸ ਦੌਲਤ ਦਾ ਹੈ ਮਾਣ ਬੜਾ
ਅਸਾਂ ਕਦੇ ਨਾ ਖਾਧਾ ਪਹਿਨਿਆ
ਮਹਿਲ ਮੁਨਾਰੇ ਤੇਰਿਆਂ ਦਾ...!!

ਕਿੰਨਾ ਚਿਰ ਕੋਈ ਸਹਿੰਦਾ ਏਥੇ
ਭਾਵੇਂ ਕਿੰਨਾ ਵੀ ਮਜਬੂਰ ਹੋਵੇ
ਇੱਕ ਦਿਨ ਟੁੱਟਦਾ ਬੰਨ੍ਹ ਜਰੂਰ ਹੈ
ਕੀਤੇ ਸਬਰਾਂ ਜੇਰਿਆਂ ਦਾ ...!!



ਸਮੇਂ ਸਿਰੇ ਜੇ ਸਾਂਭ ਲਈਏ
ਮਸਲੇ ਸਾਰੇ ਸੁਲਝ ਜਾਂਦੇ
ਢਿੱਲੋਂ ਫਿਰ ਨਹੀਂ ਪੂਰਾ ਹੁੰਦਾ
ਵਕਫਾ ਪੈ ਗਿਆ ਸਮੇਂ ਲਮੇਰਿਆਂ ਦਾ...!!

ਤੈਨੂੰ ਲੱਗਦਾ ਹੋਣਾ ਏਹੇ ਮੂੰਹ ਫੱਟ ਹੈ
ਤੂੰ ਕੀ ਜਾਣੇ, ਕੀ ਗੁਜਰੇ ਦਿਲ ਤੇ
ਰਹਿਣਾ, ਬਣ ਬੇਗਾਨੀਆਂ
ਧੰਨ ਹੈ ਸਾਡੇ ਕੋਮਲ ਜੇਰਿਆਂ ਦਾ ....!!

ਸਾਰੀ ਉਮਰ ਹੀ ਨੱਚੇ ਜਿਹੜੇ
ਚੜ ਦੂਜਿਆਂ ਦੀਆਂ ਉਂਗਲ਼ਾਂ ਤੇ
ਸਾਡੇ ਕੋਲ਼ੋਂ ਭਾਲਣ ਹੁਣ ਉਹ
ਨਿੱਘ ਮਿੱਠੇ ਸਾਥ ਲਮੇਰਿਆਂ ਦਾ...!!
○

## ਧੀਆਂ

ਅੱਜ ਆਪ ਮੁਹਾਰੇ ਨਿਕਲੇ,
ਹੰਝੂਆਂ ਨੂੰ ਕਿੰਝ ਰੋਕਾਂ

ਇਹਨਾ ਧੀਆਂ ਉਤੇ ਤਸ਼ੱਦਦ,
ਦੱਸੋ ਅੱਜ ਕਿੱਦਾਂ ਰੋਕਾਂ

ਇਹ ਰੁਲਦੀਆਂ ਫਿਰਦੀਆਂ ਇੱਜ਼ਤਾਂ,
ਕੁੱਖਾਂ ਵਿਚ ਮਰਦੀਆਂ ਲੋਕਾ

ਇਹਨਾ ਧੀਆਂ ਉੱਤੇ ਤਸ਼ਦਦ,
ਦੱਸੋ ਅੱਜ ਕਿੱਦਾਂ ਰੋਕਾਂ

ਇਹ ਚਿਰਾਗ਼ ਜਿਹਨਾਂ ਨੂੰ ਦੱਸਦੇ ਹੋ,
ਬਣ ਗਏ ਕਲੰਕ ਤੇ ਜੋਕਾਂ

ਇਹਨਾ ਧੀਆਂ ਉੱਤੇ ਤਸ਼ੱਦਦ,
ਦੱਸੋ ਅੱਜ ਕਿੱਦਾਂ ਰੋਕਾਂ

ਇਹ ਮਰੀਆਂ ਹੋਈਆਂ ਜ਼ਮੀਰਾਂ,
ਕਦ ਜਾਗਣਗੀਆਂ ਹਾਏ ਲੋਕਾ

ਇਹਨਾ ਧੀਆਂ ਉੱਤੇ ਤਸ਼ੱਦਦ,
ਦੱਸੋ ਅੱਜ ਕਿੱਦਾਂ ਰੋਕਾਂ.....
੦



## ਦਿਲ ਦੀ ਕਿਤਾਬ

ਦਿਲ ਦੀ ਕਿਤਾਬ ਖੋਹਲ ਕੇ
ਬੈਠਾ ਸੀ ਜਿਸ ਦੇ ਕੋਲ਼
ਉਸ ਵਰਕਿਆਂ ਤੇ ਡੋਹਲ ਤੀ
ਕਾਲਖ਼ ਜੋ ਉਸਦੇ ਕੋਲ਼

ਨਾ ਦੋਸਤ ਹੀ ਬਣ ਸਕਿਆ
ਦੁਸ਼ਮਣ ਬਣ ਬਹਿ ਗਿਆ
ਮੈਂ ਪਾੜ ਦਿੱਤਾ ਵਰਕਾ
ਮੁੜ ਵੇਖਿਆ ਨਾ ਫੋਲ ....!!
੦

## ਕਵਿਤਾ

ਮੈਂ ਕਵਿਤਾ ਵਰਗੀ ਕੁੜੀ ਹਾਂ
ਮੇਰੀ ਕੁਦਰਤ ਜਿਹੀ ਅਦਾ !

ਮੈਂ ਵਾਂਗ ਪਾਣੀ ਦੀ ਛੱਲ ਦੇ
ਤੇ ਮੇਰਾ ਨਿਰਮਲ ਜਿਹਾ ਵਹਾਅ !

ਮੈਂ ਵਾਂਗ ਹਵਾ ਦੇ ਸ਼ੂਕਦੀ,
ਮੇਰਾ ਬਾਗ਼ੀ ਜਿਹਾ ਸੁਭਾਅ !

ਜਦ ਵਾਂਗ ਚਿੜੀ ਦੇ ਚਹਿਕਦੀ,
ਕੁਦਰਤ ਜਾਂਦੀ ਸੁਰ ਵਿੱਚ ਆ !

ਹਾਂ ਜਦ ਵੀ ਮੁੱਖੋਂ ਬੋਲਦੀ,
ਲੈਂਦੀ ਕੋਇਲਾਂ ਵਾਂਗੂੰ ਗਾ !

ਮੈਂ ਵਾਂਗ ਨਰਗਸੀ ਫੁੱਲ ਦੇ,
ਮਹਿਕਾਂ ਘੋਲਾਂ ਵਿੱਚ ਫਿਜ਼ਾ !

ਮੈਨੂੰ ਚੰਨ ਤਾਰੇ ਵੀ ਅੰਬਰੋਂ,
ਲੈਣ ਝਾਤੀਆਂ ਮਾਰ ਬੁਲਾ !

ਮੈਂ ਝਰਨੇ ਵਾਂਗੂੰ ਵਹਿ ਤੁਰਾਂ,
ਜਦ ਨੈਣੀ ਹੰਝੂ ਜਾਂਦੇ ਆ !



ਮੈਂ ਕਵਿਤਾ ਬੜੀ ਨਿਵੇਕਲੀ,
ਲਵਾਂ ਹਰ ਇੱਕ ਦਾ ਦਰਦ ਵੰਡਾ !

ਮੈਂ ਜੋ ਕੁਦਰਤ ਦੀ ਅੱਖੋਂ ਵੇਖਿਆ,
ਅੱਜ ਗਿਆ ਨਜ਼ਾਰਾ ਆ !

ਮੈਂ ਕਵਿਤਾ ਵਰਗੀ ਕੁੜੀ ਹਾਂ,
ਮੇਰੀ ਕੁਦਰਤ ਜਿਹੀ ਅਦਾ .....!!
○

## ਤਲਾਸ਼

ਤੇਰੀ ਕਸ਼ਿਸ਼ ਤੇ
ਤੇਰੀ ਤੱਕਣੀ ਦੇਖ
ਮੇਰੇ ਸਾਹਾਂ ਦੀ ਰਫ਼ਤਾਰ
ਦਾ ਬੇਕਾਬੂ ਹੋਣਾ
ਜਾਇਜ਼ ਸੀ,
ਇਹ ਕਿਹੋ ਜਿਹੀ ਤਰੰਗ
ਉੱਠੀ ਹੈ ਮੇਰੇ ਸੀਨੇ ....!!

ਤੇਰੀ ਹੋਂਦ
ਮੇਰਾ ਲੂੰ ਲੂੰ ਮਹਿਕਾ ਦੇਂਦੀ ਹੈ
ਇੱਕ ਚਿਣਗ ਜਿਹੀ ਲੈ
ਮੈਂ ਤੈਨੂੰ ਆਪਣੀਆਂ ਧੜਕਨਾ
ਵਿਚ ਵਸਾ ਲੈਂਦੀ ਆਂ,
ਇਹ ਕਿਹੋ ਜਿਹੀ ਤੜਪ ਹੈ
ਇਹ ਕਿਹੋ ਜਿਹਾ ਅਹਿਸਾਸ ਹੈ....!!

ਤੇਰੀ ਕਮੀ
ਮੇਰੀਆਂ ਸੋਚਾਂ ਵਿੱਚ
ਰੜਕਦੀ ਹੈ
ਜਿਵੇਂ ਜ਼ਿੰਦਗੀ,
ਕਿਸੇ ਮੋੜ ਤੇ ਆ
ਰੁਕ ਗਈ ਹੋਵੇ
ਤੇ ਤੂੰ ਜ਼ਿੰਦਗੀ ਦਾ ਉਹ ਹਿੱਸਾ
ਜਿਸਨੂੰ ਜੁਦਾ ਕਰਨਾ ਤੇ
ਬਹੁਤ ਦੂਰ
ਸ਼ਾਇਦ ਨਾ-ਮੁਮਕਿਨ ਹੈ.....!!



ਤੂੰ ਹੀ ਤੇ ਸੀ
ਮੇਰੀ ਤਲਾਸ਼
ਜੋ ਹੁਣ ਮੁਕੰਮਲ ਹੋ ਗਈ
ਤੇਰੇ ਆਉਣ ਨਾਲ਼ ......!!
o

## ਰੂਹ

ਇਹ ਖੰਡਰ
ਜਿਸਦਾ ਬਹੁਤ ਮਾਣ ਹੈ
ਖੌਰੇ ਕਦੋਂ ਢਹਿ ਢੇਰੀ ਹੋ ਜਾਣਾ
ਦਿਲ ਦੇ ਵਲ਼ਵਲ਼ਿਆਂ ਵਾਂਗ

ਇਹ ਵਲ਼ਵਲ਼ਾ
ਪਤਾ ਨਹੀ ਕਦੋਂ ਵਹਿ ਜਾਣਾ
ਬੱਸ ਹੁਣ
ਹੋਰ ਸਹਿ ਨਹੀ ਹੁੰਦੀ

ਤੇਰੀ ਬੇਰੁਖੀ ਤੇ ਰੁੱਖਾਪਨ
ਮੇਰੀ ਰੂਹ ਨੂੰ ਆਜ਼ਾਦ ਕਰ ਦੇ .....!!
o



## ਮੇਰੇ ਜਜ਼ਬਾਤ

ਚਾਵਾਂ ਤੇ ਸੁਪਨਿਆਂ ਨੂੰ,
ਹੰਢਾਉਣਾ ਚਾਹੁੰਦੀ ਹਾਂ,
ਪੂਰੇ ਕਰਨੇ ਚਾਹੁੰਦੀ ਹਾਂ,

ਹਰ ਉਹ ਖ਼ੁਆਬ ਜੋ,
ਇਹਨਾ ਖੁੱਲ੍ਹੀਆਂ ਅੱਖਾਂ ਨੇ ਵੇਖੇ !
ਹਰ ਇੱਕ ਉਮੰਗ,
ਹਰ ਇੱਕ ਤਰੰਗ,
ਜੋ ਦਿਲ ਵਿੱਚ ,
ਪਿਆਰ ਦੀਆਂ,
ਧੁਨਾਂ ਵਾਂਗ ਉਪਜੀ,
ਜਿਉਣਾ ਚਾਹੁੰਦੀ ਹਾਂ,
ਹਰ ਉਹ ਪਲ !

ਸੱਚ ਹੁੰਦੇ ਵੇਖਣਾ ਚਾਹੁੰਦੀ ਹਾਂ,
ਆਪਣੇ ਸੁਪਨੇ,
ਨਹੀਂ ਚਾਹੁੰਦੀ ਕਿ,
ਰਿਸ਼ਤਿਆਂ ਦੀ ਆੜ ਵਿੱਚ,
ਦਬ ਕੇ ਰਹਿ ਜਾਣ,

ਤੇ ਅਧੂਰੇ ਹੀ ਦਮ ਤੋੜ ਦੇਣ,
ਕਿਤੇ ਗ਼ੁਰਬਤ ਹੱਥੋਂ,
ਖ਼ੁਦ ਹੀ ਕਤਲ ਨਾ ਹੋਣ,
ਇਹ ਪੁੰਗਰਦੀਆਂ ਲਗਰਾਂ,
ਇੰਝ ਹੀ ਨਾ ਕੁਚਲੀਆਂ ਜਾਣ !

ਮੇਰੇ ਖ਼ੁਆਬ,
ਮੇਰੇ ਜਜ਼ਬਾਤ,
ਮੇਰੇ ਚਾਅ,
ਜੇ ਇੰਜ ਹੀ ਮੁਰਝਾ ਗਏ,
ਆਪਣੀ ਹੋਂਦ ਨੂੰ,
ਕਿੰਜ ਸਮੇਟਾਂਗੀ,
ਅਧੂਰੀਆਂ ਸੱਧਰਾਂ ਲੈ,
ਟੁੱਟੇ ਹੋਏ ਅਹਿਸਾਸ ਲੈ,
ਹਾਰ ਮੰਨਣਾ ਤੇ ਚੁੱਪ ਚਾਪ ਬਹਿ ਜਾਣਾ,
ਤੇ ਮੋਢਿਆਂ ਤੇ ਬੋਝ ਚੁੱਕੀ ਫਿਰਨਾ,
ਮੈਂ ਕਦੇ ਨਹੀਂ ਸਿੱਖਿਆ !
o



## ਆਜ਼ਾਦੀ

ਲੋਕਾਂ ਭਾਣੇ
ਮੇਰੀ ਆਜ਼ਾਦੀ,
ਘੁੰਮਣਾ ਫਿਰਨਾ
ਖਾਣਾ ਪੀਣਾ
ਕਦ ਹੈ ਜਾਗਣਾ
ਕਦ ਹੈ ਸੌਣਾ
ਨਾ ਕੋਈ ਪੁੱਛੇ ਕਿਥੋਂ ਆਈ
ਨਾ ਕੋਈ ਪੁੱਛੇ ਕਿੱਥੇ ਚੱਲੀ
ਲੋਕਾਂ ਭਾਣੇ
ਆਜ਼ਾਦੀ ਮੇਰੇ ਬਰੂਹੀਂ ਬੈਠੀ
ਅੰਦਰ ਬਾਹਰ
ਕੱਲਮ ਕੱਲੀ
ਨਾ ਜਾਣੇ ਕਿੱਥੇ,
ਮੈਂ ਘੁੰਮ ਆਉਂਦੀ ਹਾਂ
ਆਪਣੇ ਫਰਜ਼ ਨਿਭਾਉਂਦੀ ਹਾਂ ਮੈਂ
ਕੰਮ ਦੀਆਂ ਸ਼ਿਫ਼ਟਾਂ ਲਾ ਆਉਂਦੀ ਹਾਂ...!!

ਖੌਰੇ,
ਕਿਹੜੀ ਆਜ਼ਾਦੀ ਦੀ ਗੱਲ
ਕਰ ਦਿੰਦੇ ਨੇ,
ਸਾਰੇ ਈ ਹੱਸ ਕੇ
ਪੈਰ ਬਰੂਹੀਂ ਜਦ ਵੀ ਰੱਖਾਂ
ਕੰਨ ਪਾਟਦੇ,
ਸੁਣ ਸੁਣ ਮੇਰੇ
ਕਿੱਥੇ ਜਾਣਾ
ਕਿੱਥੇ ਚੱਲੀ
ਕਿਉਂ ਹੈਂ ਚੱਲੀ
ਹਰ ਗੱਲ ਦਾ ਜਦੋਂ
ਸਵਾਲ ਬਣ ਜਾਵੇ
ਆਪਣਾ ਆਪ ਖ਼ੁਦ ਕੋਲੋਂ
ਲੁਕਾ ਲੈਂਦੀ ਹਾਂ....!!

ਹਰ ਸਵਾਲ ਦੇ ਉੱਤਰ ਦੇ ਦੇ
ਥੱਕ ਜਾਂਦੀ ਹਾਂ
ਹਰ ਜਾਂਦੀ ਹਾਂ
ਕੇਹੀ ਆਜ਼ਾਦੀ
ਮਿਲ਼ੀ ਹੈ ਮੈਨੂੰ
ਗਲ਼ ਵਿੱਚ ਕੇਹਾ ਫਾਹਾ ਪਾਇਆ
ਪੁੱਛ ਪੁੱਛ ਪੁੱਟਾਂ ਪੈਰ ਘਰੋਂ
ਦਿਲ ਦੀਆਂ ਰੀਝਾਂ
ਦੱਬ ਲੈਂਦੀ ਹਾਂ
ਹੱਸ ਲੈਂਦੀ ਹਾਂ,
ਖ਼ੁਦ ਨਾਲ਼ ਗੱਲਾਂ ਕਰਕੇ
ਦਿਲ ਪਰਚਾ ਲੈਂਦੀ ਹਾਂ
ਆਪਣੀ ਸੋਚ ਜੋ ਅੰਬਰੀਂ ਉੱਡਦੀ
ਆਪੇ ਈ ਹੇਠਾਂ ਲਾਹ ਲੈਂਦੀ ਆਂ
ਆਪਣੀਆਂ ਸੱਧਰਾਂ ਨੂੰ ਲਾ ਲਾਬੂੰ,
ਮੈਂ ਆਜ਼ਾਦੀ ਰੋਜ਼ ਮਨਾ ਲੈਂਦੀ ਹਾਂ......!!
ਆਪਣੀਆਂ ਸੱਧਰਾਂ ਨੂੰ ਲਾ ਲਾਬੂੰ,
ਮੈਂ ਆਜ਼ਾਦੀ ਰੋਜ਼ ਮਨਾ ਲੈਂਦੀ ਹਾਂ......!!!
o



## ਚੁੱਪ ਦੀ ਚੀਕ

ਬੈਠਾ ਅਖ਼ੀਰੀ ਸਾਹਾਂ ਤੇ ਵਿੱਚ ਤੇਰੀ ਉਡੀਕ ਹਾਂ
ਮੈਂ ਬਿਰਹੜੇ ਦੇ ਗੀਤਾਂ ਚੋਂ ਉੱਠੀ ਇੱਕ ਚੀਸ ਹਾਂ

ਮੈਂ ਬੇਰੁਜ਼ਗਾਰੀ ਤੋਂ ਸਤਿਆ ਐਸਾ ਰਕੀਬ ਹਾਂ
ਮੈਂ ਮਰਦੇ ਹੋਏ ਜ਼ਮੀਰਾਂ ਦੀ ਜੀਊਂਦੀ ਸਲੀਬ ਹਾਂ

ਇਸ ਧੁੰਦਲੇ ਸਮਾਜ ਦੀ ਦੇਣ ਦਾ ਪ੍ਰਤੀਕ ਹਾਂ
ਦੁਸ਼ਵਾਰੀਆਂ ਦੇ ਦੌਰ 'ਚੋਂ ਚੁੱਪ ਦੀ ਚੀਕ ਹਾਂ

ਮੈਂ ਟੁੱਟੇ ਹੋਏ ਖ਼ੁਆਬਾਂ ਦੀ ਇੱਕ ਉੱਜੜੀ ਮਸੀਤ ਹਾਂ
ਮੈਂ ਅੰਗਿਆਰਾਂ ਤੇ ਤੁਰਾਂ ਮੈਂ ਪੱਥਰ ਤੇ ਲੀਕ ਹਾਂ

ਮੈਂ ਸਦੀਆਂ ਤੋਂ ਰੁਕੀ ਹੋਈ ਨਾ ਬਦਲੀ ਤਰੀਕ ਹਾਂ
ਮੈ ਹਨ੍ਹੇਰਿਆਂ ਤੋਂ ਉਪਜੀ ਚਾਨਣ ਦੀ ਲੀਕ ਹਾਂ
o

## ਉਂਝ ਹੀ

ਬਸ ਉਂਝ ਹੀ ਅੱਜ,
ਜੰਗਲ ਵੱਲ ਜਾਂਦੇ ਰਾਹੇ,
ਤੁਰ ਪਈ ਹਾਂ,
ਮਨ ਉਚਾਟ,
ਦਿਲ ਕੀਤਾ ਦੂਰ ਕਿਸੇ,
ਜੰਗਲ ਵਿੱਚ ਜਾ ਵੜਾਂ,
ਪੈਰ ਰੋਕਿਆਂ ਨਹੀਂ ਰੁਕੇ,
ਪਤਾ ਨਹੀਂ ਕਿਹੜੀ ਭਟਕਣ,
ਐਧਰ ਨੂੰ ਲੈ ਤੁਰੀ ਹੈ !

ਲੋਕਾਂ ਵਿੱਚ ਵਿਚਰਨਾ,
ਕਿਸੇ ਅਜ਼ਾਬ ਤੋਂ ਘੱਟ ਨਹੀਂ ਜਾਪਦਾ,
ਇਸ ਸ਼ੋਰ ਸ਼ਰਾਬੇ ਵਿੱਚ,
ਮੇਰੀ ਚੁੱਪ ਬਰਕਰਾਰ ਹੈ,
ਆਪਣੇ ਹੀ ਆਨੰਦ ਵਿੱਚ,
ਮਗਨ ਹਾਂ ਮੈਂ !

ਪੱਤਿਆਂ ਦੀ ਸਰ ਸਰ,
ਪੰਛੀਆਂ ਦਾ ਚਹਿਕਣਾ,
ਇਹ ਮਧੁਰ ਅਵਾਜ਼ਾਂ,
ਤੇ ਸੰਗੀਤਮਈ ਮਾਹੌਲ,
ਬੜਾ ਹੀ ਸਕੂਨ,
ਤੇ ਰੂਹ ਦਾ ਤ੍ਰਿਪਤ ਹੋ ਜਾਣਾ !



ਕਿਉਂ ਜੰਗਲ ਦਾ ਨਾਮ ਸੁਣ,
ਲੋਕਾਂ ਦਾ ਤਰਾਹ ਨਿਕਲ ਜਾਂਦਾ,
ਸ਼ੋਰ ਸ਼ਰਾਬੇ ਵੱਲ,
ਭੱਜੇ ਤੁਰੇ ਜਾ ਰਹੇ ਨੇ ਸਭ !

ਸ਼ਾਇਦ ਇਸ ਭਟਕਣ ਵਾਲੇ,
ਰਸਤੇ ਜਾਣ ਤੋਂ ਪਹਿਲਾਂ,
ਆਪਣੇ ਅੰਦਰ ਝਾਕਣਾ ਜ਼ਰੂਰੀ ਹੈ,
ਅੰਦਰਲੀਆਂ ਧੁਨਾ ਨੂੰ ਸੁਣਨਾ,
ਆਪਣੇ ਮਨ ਨੂੰ ਪੜ੍ਹਨਾ,
ਤੇ ਓਹ ਅਨੂਠੀ ਮਹਿਕ ਦਾ
ਆਪਣੇ ਪਿੱਛੇ ਆਪ ਹੀ ਲੈ ਤੁਰਨਾ,
ਤੇ ਬਸ ਫੇਰ ਕੀ,
ਹਰ ਰੁੱਤ ਨੂੰ ਪਲਾਂ 'ਚ ਹੰਢਾ ਲੈਣਾ,
ਕੋਈ ਬਹੁਤਾ ਔਖਾ ਨਹੀਂ !
o

## ਦਿਲ ਕਰਦਾ ਏ

ਦਿਲ ਕਰਦਾ ਏ ਫੇਸਬੁੱਕ ਨੂੰ
ਹੱਸ ਕੇ ਠੋਕਰ ਮਾਰ ਦਿਆਂ ਮੈਂ
ਸੁੰਨਾ ਪਿਆ ਇਹ
ਚੈਟ ਬੋਕਸ ਜੋ
ਦਿਲ ਕਰਦਾ
ਖਿੱਦੋ ਵਾਂਗ ਖਿਲਾਰ ਦਿਆਂ ਮੈਂ

ਰੁੱਸੇ ਕਈ,
ਕਈ ਚੁੱਪ ਹੋ ਕੇ
ਬਹਿ ਗਏ
ਕੁੱਝ ਤਾਂ ਬੱਸ ਐਵੇਂ
ਦਿਲ ਤੋਂ ਲਹਿ ਗਏ
ਗੱਲ ਗੱਲ ਤੇ ਕਈ ਮਾਰਨ ਡੀਂਗਾਂ
ਗਏ ਵਾਧੂ ਈ ਝੱਲ ਖਿਲਾਰ ......!!

ਕੰਮ ਕਾਰ ਨੂੰ
ਦਿਲ ਨਹੀਂ ਕਰਦਾ
ਥੱਕ ਹਾਰ ਕੇ
ਮੱਲ ਲਏ ਸੋਫੇ
ਬਹਿ ਗਏ ਲੱਤਾਂ ਪਸਾਰ
ਹਾਏ ਬੱਸ,
ਹੋਇਆ ਜੀਣਾ ਮੁਹਾਲ......!!



ਪਾ ਸਟੇਟਸ ਛੱਡ ਤੇ ਸ਼ੋਸ਼ੇ
ਸੈਲਫ਼ੀ ਖਿੱਚ
ਹੁਣ ਡੀ ਪੀ ਪਾਈ
ਤੜਕੇ ਕੰਮ ਤੇ
ਜਾਣਾ ਉੱਠ ਕੇ
ਗਏ ਐਵੇਂ ਈ ਚਸਕੇ ਮਾਰ
ਹੋਈ ਡਾਹਢੀ ਨੀਂਦ ਖ਼ਰਾਬ..ਬਈ ਹੁਣ
○

## ਵੀਰਾਨ ਰਾਹਾਂ

ਬੜੀ ਦੇਰ,
ਵੀਰਾਨ ਰਾਹਾਂ ਤੇ ਤੁਰਿਆ
ਤੇਰੀਆਂ ਪੈੜਾਂ ਨੂੰ ਭਾਲ਼ਦਾ ਹੋਇਆ,
ਗਹਿਰੀਆਂ ਸੋਚਾਂ ਵਿੱਚ ਉਲਝਿਆ,
ਬੇਬਾਕ ਮਨ,
ਆਪ ਮੁਹਾਰੇ,
ਤੇਰੀ ਆਮਦ ਦੀ ਸੋਚ ਤੇ
ਇੱਕ ਉਜਾਲੇ ਦੀ ਕਿਰਨ ਲੈ
ਇਸ ਬੀਆਬਾਨ,
ਚੁੱਪ ਦੇ ਜੰਗਲ ਵਿੱਚ,
ਮੰਤਰ-ਮੁਗਧ ਹੋ ਤੁਰਦਾ !

ਆਤਮਾ ਤੇ ਪ੍ਰਮਾਤਮਾ 'ਚ,
ਲੀਨ ਹੋ
ਤੂੰ ਤੇ ਮੈਂ ਦੀ ਲੜਾਈ,
ਨੂੰ ਸਰ ਕਰਦਿਆਂ,
ਭੈ ਤੋਂ ਮੁਕਤ ਹੁੰਦਾ ਹਾਂ,
ਤੇਰੀ ਹੋਂਦ,
ਕਣ ਕਣ ਰੌਸ਼ਨ ਕਰ ਰਹੀ
ਅਸ਼ ਅਸ਼ ਕਰ ਉੱਠਦਾ
ਇਹ ਦਿਲ ਦਾ ਵਿਹੜਾ..!!
੦



## ਗੀਤ

ਨੀ ਕਿਹਨੂੰ ਹਾਏ ਖੋਲ੍ਹ ਦੱਸੀਏ
ਅਸਾਂ ਕੇਹੋ ਜਿਹੇ ਲੇਖ ਲਿਖਾਏ
ਨੀ ਨਾ ਸੱਸ ਮਾਂ ਹੀ ਬਣੀ
ਨਾ ਹੀ ਮਾਂ ਨੇ ਦੁੱਖੜੇ ਵੰਡਾਏ
ਨੀ ਕਿਹਨੂੰ ਹਾਏ ਖੋਲ੍ਹ ਦੱਸੀਏ
ਅਸਾਂ ਕੇਹੋ ਜਿਹੇ ਲੇਖ ਲਿਖਾਏ

ਹਾਏ ਪੇਕਿਆਂ ਦੇ ਘਰ ਵਿੱਚੋਂ ਵੀ
ਅਸੀ ਸਭ ਲਈ ਹੋ ਗਏ ਪਰਾਏ
ਨੀ ਭਾਬੀਆਂ ਨੇ ਮੂੰਹ ਵੱਟਿਆ
ਵੀਰਾਂ ਲਹੂਆਂ ਵਾਲ਼ੇ ਰਿਸ਼ਤੇ ਮਿਟਾਏ
ਨੀ ਕਿਹਨੂੰ ਹਾਏ ਖੋਲ੍ਹ ਦੱਸੀਏ
ਅਸਾਂ ਕੇਹੋ ਜਿਹੇ ਲੇਖ ਲਿਖਾਏ

ਬਾਪੂ ਦੀਆਂ ਪੈਲ਼ੀਆਂ ਦੇ
ਵੀਰਾਂ ਲੜ ਲੜ ਹਿੱਸੇ ਨੇ ਪਾਏ
ਨੀ ਜੁੱਗ ਜੁੱਗ ਰਹਿਣ ਜੱਗ ਤੇ
ਵੀਰੇ ਭਾਬੀਆਂ ਉਹਨਾਂ ਦੇ ਜਾਏ
ਨੀ ਕਿਹਨੂੰ ਹਾਏ ਖੋਲ੍ਹ ਦੱਸੀਏ
ਅਸਾਂ ਕੇਹੋ ਜਿਹੇ ਲੇਖ ਲਿਖਾਏ

ਵੀਰਾਂ ਨੇ ਘਰ ਬਾਰ ਵੰਡ ਲਏ
ਕਿਉਂ ਦੁੱਖ ਸਾਡੇ ਹਿੱਸੇ ਵਿੱਚ ਆਏ
ਹਾਏ ਮਾਂ ਵੀ ਪੁੱਤਾਂ ਵੱਲ ਹੋ ਗਈ
ਸਾਡੇ ਕਿਸੇ ਨੇ ਵੀ ਲਾਡ ਨਾ ਲਡਾਏ
ਨੀ ਕਿਹਨੂੰ ਹਾਏ ਖੋਲ੍ਹ ਦੱਸੀਏ
ਅਸਾਂ ਕੇਹੋ ਜਿਹੇ ਲੇਖ ਲਿਖਾਏ

ਨੀ ਲੇਖਾਂ ਵਿੱਚ ਤੇਲ ਚੋ ਗਏ
ਕੇਹੇ ਵਿਚੋਲਿਆਂ ਨੇ ਸਾਕ ਕਰਾਏ
ਨੀ ਇਹਦੇ ਨਾਲ਼ੋਂ ਨਿੱਜ ਜੰਮਦੀ
ਜੇ ਏਨੇ ਲਾਡਲੇ ਸੀ ਅੰਮਾ ਨੂੰ ਓਹਦੇ ਜਾਏ
ਨੀ ਕਿਹਨੂੰ ਹਾਏ ਖੋਲ੍ਹ ਦੱਸੀਏ
ਅਸਾਂ ਕੇਹੋ ਜਿਹੇ ਲੇਖ ਲਿਖਾਏ

ਮੱਥੇ ਵੱਟ ਪਾਉਣ ਵਾਲਿਓ
ਅੱਜ ਅਕਲਾਂ ਨੂੰ ਹੱਥ ਤੁਸੀਂ ਮਾਰੋ
ਕੀ ਸੁੱਖ ਦੇਣਾ ਕਾਰਾਂ ਕੋਠੀਆਂ
ਟੁੱਟੇ ਰਿਸ਼ਤੇ ਨਾ ਆ ਕੇ ਜੇ ਸੰਭਾਲ਼ੇ
ਨੀ ਕਿਹਨੂੰ ਹਾਏ ਖੋਲ੍ਹ ਦੱਸੀਏ
ਅਸਾਂ ਕੇਹੋ ਜਿਹੇ ਲੇਖ ਲਿਖਾਏ
○



## ਸੁੰਨੀਆਂ ਜੂਹਾਂ

ਸਾਡੇ ਪਿੰਡ ਦੀਆਂ ਜੂਹਾਂ ਸੁੰਨੀਆਂ
ਰੁੜ ਗਈ ਵਿੱਚ ਨਸ਼ੇ ਦੇ ਦੁਨੀਆ
ਇਹ ਦੁੱਧ ਮੱਖਣਾ ਨਾਲ਼ ਪਾਲ਼ੇ
ਮਾਵਾਂ ਰੋਂਦੀਆਂ ਪੁੱਤਰਾਂ ਨੂੰ
ਆਓ ਜੀ ਕਰੀਏ ਕੋਈ ਹੀਲਾ
ਬਚਾਈਏ ਵਿਛਦੇ ਹੋਏ ਸੱਥਰਾਂ ਨੂੰ
ਆਓ ਜੀ ਕਰੀਏ ਕੋਈ ਹੀਲਾ

ਹੋ ਗਈਆਂ ਸੱਥਾਂ ਪਿੰਡਾਂ 'ਚੋਂ ਖਾਲੀ
ਜਵਾਨੀ ਲੱਭਦੀ ਕਿਤੇ ਨਾ ਭਾਲ਼ੀ
ਕਿਤੇ ਹੋ ਜਾਏ ਦੇਰ ਨਾ ਬਾਹਲ਼ੀ
ਮਾਵਾਂ ਰੋ ਰੋ ਸੁੱਕਣੇ ਪਈਆਂ ਨੇ
ਆਓ ਜੀ ਕਰੀਏ ਕੋਈ ਹੀਲਾ
ਮੋੜੀਏ ਮੌਤ ਦੇ ਰਾਹੇ ਪਇਆਂ ਨੂੰ
ਆਓ ਜੀ ਕਰੀਏ ਕੋਈ ਹੀਲਾ

ਸਾਡੀਆਂ ਲੋਟੂ ਨੇ ਸਰਕਾਰਾਂ
ਇਹਨਾ ਨੂੰ ਪੈਣ ਵਕਤ ਦੀਆਂ ਮਾਰਾਂ
ਲੁੱਟ ਕੇ ਖਾ ਗਏ ਇਹ ਪੰਜਾਬ
ਤੇ ਜ਼ਹਿਰੀ ਹੋ ਗਏ ਨੇ ਪੰਜ ਆਬ
ਆਓ ਜੀ ਕਰੀਏ ਕੋਈ ਹੀਲਾ
ਕੀਲੀਏ ਜ਼ਹਿਰੀ ਸਿਆਸਤ ਵਾਲ਼ਾ ਨਾਗ..
ਆਓ ਜੀ ਕਰੀਏ ਕੋਈ ਹੀਲਾ

ਰੁੜ੍ਹ ਗਈ ਵਿੱਚ ਜਵਾਨੀ ਨਸ਼ਿਆਂ
ਵਿਰਲਾ ਟਾਂਵਾ ਹੀ ਕੋਈ ਬਚਿਆ
ਚਾਰੇ ਪਾਸੇ ਹੈ ਬੇਰੁਜ਼ਗਾਰੀ
ਡਰ ਖਾਂਦਾ ਅਨਹੋਣੀ ਦਾ
ਆਓ ਜੀ, ਕਰੀਏ ਕੋਈ ਹੀਲਾ
ਸਭ ਨੂੰ ਦਈਏ ਮੌਕਾ ਰੁਜ਼ਗਾਰੀ ਦਾ
ਆਓ ਜੀ ਕਰੀਏ ਕੋਈ ਹੀਲਾ

ਕੋਈ ਮੋੜ ਲਿਆਵੋ ਵਿਰਸਾ
ਨੰਗਾ ਨਾਚ ਸਟੇਜੀਂ ਚਰਚਾ
ਲੱਚਰ ਗੀਤਾਂ ਤੇ ਅਸਲਾ ਭਾਰੂ
ਅੱਜਕੱਲ ਹੋਇਆ ਬਹੁਤਾ ਮਾਰੂ
ਆਓ ਜੀ ਕਰੀਏ ਕੋਈ ਹੀਲਾ
ਬਚਾਈਏ ਸੁਥਰੀ ਸੋਚ ਉਡਾਰੂ ਨੂੰ
ਆਓ ਜੀ, ਕਰੀਏ ਕੋਈ ਹੀਲਾ
o



## ਗੀਤ

ਗੱਲ ਤੈਨੂੰ ਜਿਹੜੀ
ਮੈਂ ਸੁਨਾਉਣ ਲੱਗੀ ਆਂ
ਦਿਲ ਵਾਲ਼ੀ ਗੰਢ
ਹੱਥ ਪਾਉਣ ਲੱਗੀ ਆਂ
ਖੋਹਲ ਖੋਹਲ ਰੱਖ ਦੇਣੀਆਂ ਪਿਟਾਰੀਆਂ
ਆਪਣਾ ਤੂੰ ਮੂੰਹ ਅੱਜ ਬੰਦ ਕਰ ਲੈ
ਇੱਕ ਗੱਲ ਦੱਸਾਂ ਬਿੱਲੋ, ਕੰਨ ਕਰ ਲੈ

ਲੋਕਾਂ ਪਿੱਛੇ ਲੱਗ
ਬੇਈਮਾਨ ਨਾਂ ਹੋਵੀਂ
ਪੈਸੇ ਦਾ ਵੀ ਬਾਹਲ਼ਾ ਤੂੰ
ਗੁਮਾਨ ਨਾਂ ਕਰੀਂ
ਧਰੀਆਂ ਧਰਾਈਆਂ ਇੱਥੇ ਰਹਿ ਜਾਣੀਆਂ
ਕੀਤੀਆਂ ਨੇ ਏਹੇ ਜੋ ਕਮਾਈਆਂ ਹਾਣੀਆਂ
ਇੱਕ ਵਾਰੀ ਬਹਿ ਕੇ ਵਿਚਾਰ ਕਰਲੈ
ਇੱਕ ਗੱਲ ਦੱਸਾਂ ਬਿੱਲੋ, ਕੰਨ ਕਰ ਲੈ

ਬੋਲਚਾਲ ਪਿਆਰ ਤੇ
ਸੁਭਾਅ ਮਿਲਾਪੜਾ
ਕਰਨਾ ਕੀ ਦੱਸ ਐਵੇਂ ਕਰ ਆਕੜਾਂ
ਆਕੜਾਂ ਦੇ ਨਾਲ਼ ਕੁਝ ਨਹੀਂਓਂ ਮਿਲਦਾ
ਪਿਆਰ ਨਾਲ ਗ਼ੁੱਸੇ ਗਿਲੇ ਹੱਲ ਕਰ ਲੈ
ਇੱਕ ਗੱਲ ਦੱਸਾਂ ਬਿੱਲੋ, ਕੰਨ ਕਰ ਲੈ

ਵਾਂਗ ਨਾ ਜਲੇਬੀ ਕੋਈ ਵਲ਼ ਰੱਖੀਏ
ਐਵੇਂ ਨਾਂ ਦਿਲਾਂ ਦੇ ਵਿੱਚ ਛਲ ਰੱਖੀਏ
ਢਿੱਲੋਂ ਨੇ ਤਾਂ ਬੋਲ ਕੇ, ਸੁਣਾਈਆਂ ਸੱਚੀਆਂ
ਤੂੰ ਵੀ ਹੁਣ ਖੋਹਲ ਲੈ, ਇਹ ਬੰਦ ਅੱਖੀਆਂ
ਆਪਣੇ ਪਰਾਏ ਦੀ ਪਹਿਚਾਣ ਕਰ ਲੈ
ਇੱਕ ਗੱਲ ਦੱਸਾਂ ਬਿੱਲੋ, ਕੰਨ ਕਰ ਲੈ

ਲਾਈਏ ਨਾ ਉਡਾਰੀਆਂ, ਬੇਗ਼ਾਨੇ ਪਰਾਂ ਤੇ
ਪੱਟੀਏ ਨਾਂ ਘਰ ਜੀ ਬੇਗ਼ਾਨੀ ਸ਼ਰਾ ਤੇ
ਚਾਦਰ ਨੂੰ ਦੇਖ, ਪਸਾਰ ਲਈਏ ਪੈਰ ਜੀ
ਸੂਮਾਂ ਦੇ ਘਰੋਂ ਨਾ, ਮਿਲਦੀ ਏ ਖ਼ੈਰ ਜੀ
ਤੂੰ ਵੀ ਹੁਣ ਜਿੰਦੇ ਨੀ ਵਿਚਾਰ ਕਰ ਲੈ
ਇੱਕ ਗੱਲ ਦੱਸਾਂ ਬਿੱਲੋ, ਕੰਨ ਕਰ ਲੈ
○



## ਗੀਤ

ਫ਼ਿਕਰਾਂ ਦੇ ਵਿੱਚ ਸੁੱਕਦੀ ਜਾਂਦੀ
ਵਿੱਚ ਵਿਛੋੜੇ ਮੁੱਕਦੀ ਜਾਂਦੀ
ਪਾ ਕੇ ਤੰਦ ਹਿਜਰ ਦੇ ਤੱਕਲੇ
ਮੈਂ ਕਿਹੜਾ ਪੀਰ ਮਨਾਵਾਂ
ਦਿਲ ਦੇ ਵਰਕੇ ਤੇ,
ਮੈਂ ਲਿਖਿਆ ਸੱਜਣਾ ਦਾ ਸਿਰਨਾਵਾਂ !

ਕੋਠੇ ਚੜ ਕੇ ਤੱਕਦੀ ਰਾਹਾਂ,
ਨਾਲੇ ਔਂਸੀਆਂ ਪਾਉਂਦੀ
ਕਿਹੜੀ ਗੱਲੋਂ ਰੁੱਸਿਆ ਫਿਰਦਾ
ਮੈਨੂੰ ਸਮਝ ਨਹੀਂ ਆਉਂਦੀ
ਢੋਲਣ ਮੇਰਾ ਬੇਪਰਵਾਹ ਜਿਹਾ
ਦੱਸ ਕਿੱਦਾਂ ਸਮਝਾਵਾਂ
ਦਿਲ ਦੇ ਵਰਕੇ ਤੇ
ਮੈਂ ਲਿਖਿਆ ਸੱਜਣਾ ਦਾ ਸਿਰਨਾਵਾਂ !

ਜੀ ਹਜ਼ੂਰੀ ਕਰਦੀ ਰਹਿੰਦੀ
ਜਦ ਦੀ ਮੈਂ ਵਿਆਹੀ
ਮਾਪਿਆਂ ਦੀ ਮੈਂ ਧੀ ਲਾਡਲੀ,
ਤੂੰ ਕਦਰ ਨਾ ਪਾਈ
ਦੱਸ ਤੂੰ ਮੈਨੂੰ ਕਿਸ ਜੁਰਮ ਦੀਆਂ,
ਦਿੰਦਾ ਏਂ ਸਜਾਵਾਂ
ਦਿਲ ਦੇ ਵਰਕੇ ਤੇ
ਮੈਂ ਲਿਖਿਆ ਸੱਜਣਾ ਦਾ ਸਿਰਨਾਵਾਂ !

ਸਾਹਾਂ ਦੇ ਵਿੱਚ ਵੱਸਦਾ ਏਂ ਤੂੰ,
ਰਹਿੰਦਾ ਦਿਲ ਦੇ ਨੇੜੇ
ਜ਼ੁਲਫ਼ਾਂ ਦੀ ਛਾਂ ਕਰਾਂ ਢੋਲਣਾ,
ਬੈਠ ਕੋਲ਼ ਤੂੰ ਮੇਰੇ
ਗਲ਼ ਤੇਰੇ ਲੱਗਣ ਨੂੰ ਤਰਸਣ
ਚੂੜੇ ਵਾਲੀਆਂ ਬਾਹਵਾਂ
ਦਿਲ ਦੇ ਵਰਕੇ ਤੇ
ਮੈਂ ਲਿਖਿਆ ਸੱਜਣਾ ਦਾ ਸਿਰਨਾਵਾਂ !

ਕਰਦੀ ਰਹਾਂ ਉਡੀਕਾਂ ਵੇ ਮੈਂ,
ਅੱਧੀ ਰਾਤ ਘਰ ਵੜਦਾ
ਜੇ ਕਿਧਰੇ ਕੁਝ ਪੁੱਛ ਲੈਂਦੀ ਆਂ,
ਰਹਿੰਦਾ ਅੱਗਿਓਂ ਲੜਦਾ
ਸੁੱਕਣੇ ਪਾਈ ਜਿੰਦ ਢਿਲੋਂ ਨੇ,
ਕਿਹੜੇ ਪਾਸੇ ਜਾਵਾਂ
ਦਿਲ ਦੇ ਵਰਕੇ ਤੇ
ਮੈਂ ਲਿਖਿਆ ਸੱਜਣਾ ਦਾ ਸਿਰਨਾਵਾਂ !
o



## ਗੀਤ

ਕੱਲ਼ਾ ਕੁੜੀਆਂ ਨੂੰ ਦੱਸਦਾ ਏਂ
ਬਾਬੁਲੇ ਦੀ ਪੱਗ ਬਾਰੇ
ਕਦੇ ਮੁੰਡਿਆਂ ਨੂੰ ਬਹਿ ਕੇ ਸਮਝਾ ਵੇ ਕਲਾਕਾਰਾ
ਵੇ ਮੈਂ ਜਾਣਦੀ ਆਂ ਦਾਗ ਨਹੀਓਂ ਲਾਉਣਾ ਪੱਗ ਨੂੰ
ਇਹਨਾਂ ਚੋਬਰਾਂ ਨੂੰ ਦੱਸ
ਕੁੜੀਆਂ ਨੂੰ ਟੌਂਟ ਨਹੀਓਂ ਮਾਰੀਦੇ
ਕੱਲਾ ਕੁੜੀਆਂ ਨੂੰ ਦੱਸਦਾ ਏਂ
ਬਾਬੁਲੇ ਦੀ ਪੱਗ ਬਾਰੇ
ਕਦੇ ਮੁੰਡਿਆਂ ਨੂੰ ਬਹਿ ਕੇ ਸਮਝਾ ਵੇ ਕਲਾਕਾਰਾ

ਦੱਸ ਇਹਨਾਂ ਨੂੰ ਵੀ ਗੀਤਾਂ 'ਚ ਕਦੇ
ਕਿਵੇਂ ਕਰਨੀ ਏ ਇੱਜ਼ਤ ਬੇਗ਼ਾਨੀ ਕੁੜੀ ਦੀ
ਵੇ ਤੂੰ ਮਾਰਦਾ ਏ ਨਿੱਤ ਪੀ ਕੇ ਦਾਰੂ ਲਲਕਾਰੇ
ਕਦੇ ਗੀਤਾਂ ਵਿੱਚ ਚੋਬਰਾਂ ਨੂੰ ਮੱਤ ਚੰਗੀ ਦੇ
ਕੱਲਾ ਕੁੜੀਆਂ ਨੂੰ ਦੱਸਦਾ ਏਂ
ਬਾਬੁਲੇ ਦੀ ਪੱਗ ਬਾਰੇ
ਕਦੇ ਮੁੰਡਿਆਂ ਨੂੰ ਬਹਿ ਕੇ ਸਮਝਾ ਵੇ ਕਲਾਕਾਰਾ

ਫਾਹੇ ਲੈਂਦਾ ਕਿਰਸਾਨ ਅੱਜ ਕਾਸ ਤੋਂ
ਪੁੱਤ ਨਸ਼ਿਆਂ 'ਚ ਘਰ ਨਾ ਵੜੇ
ਜੱਟ ਏਨਾ ਅਸਮਾਨੀ ਗੀਤਾਂ ਵਿੱਚ ਚਾੜਿਆ
ਗੱਲ ਬੁੱਲਟ ਦੇ ਬਿਨਾ ਨਾ ਕਰੇ
ਕੱਲ਼ਾ ਕੁੜੀਆਂ ਨੂੰ ਦੱਸਦਾ ਏਂ
ਬਾਬੁਲੇ ਦੀ ਪੱਗ ਬਾਰੇ
ਕਦੇ ਮੁੰਡਿਆਂ ਨੂੰ ਬਹਿ ਕੇ ਸਮਝਾ ਵੇ ਕਲਾਕਾਰਾ

ਹਰ ਇੱਕ ਨੂੰ ਸੁਨੱਖੀ ਜਿਹੀ ਨਾਰ ਚਾਹੀਦੀ
ਜੀਹਤੇ ਹੱਥ ਰੱਖ ਦੇਣ ਓਹੀਓ ਮੁਟਿਆਰ ਚਾਹੀਦੀ
ਏਹੋ ਫੁੱਲਾਂ ਜਿਹੇ ਚੇਹਰੇ, ਨਹੀ ਤੇਜ਼ਾਬ ਪਾ ਕੇ ਸਾੜੀਦੇ
ਧੀਆਂ ਭੈਣਾਂ ਤੁਸੀਂ ਗੀਤਾਂ ਚ ਕਰੀ ਜਾਂਦੇ ਬਦਨਾਮ
ਇਸ ਵਿਰਸੇ ਦੀ ਤੁਸਾਂ ਕੀਤੀ ਗੀਤਾਂ 'ਚ ਤਾਰ ਤਾਰ
ਕੱਲ੍ਹਾ ਕੁੜੀਆਂ ਨੂੰ ਦੱਸਦਾ ਏਂ
ਬਾਬੁਲੇ ਦੀ ਪੱਗ ਬਾਰੇ
ਕਦੇ ਮੁੰਡਿਆਂ ਨੂੰ ਬਹਿ ਕੇ ਸਮਝਾ ਵੇ ਕਲਾਕਾਰਾ

ਜੇ ਤੂੰ ਗਾਉਂਦਾ ਕਿਤੇ ਗੀਤ, ਉੱਚੀ ਸੁੱਚੀ ਸੋਚ ਵਾਲ੍ਹੇ
ਮੁੰਡੇ ਕੁੜੀਆਂ 'ਚ, ਫ਼ਰਕ ਨਹੀ ਸੀ ਰਹਿਣਾ
ਢਿੱਲੋਂ ਬਲਵੀਰ ਅੱਜ ਕਰੇ ਫਰਿਆਦ
ਬੱਬੂ ਗੁਰਾਇਆਂ ਵਾਲ੍ਹਾ ਵੀ ਏਹੀਓ ਕਹਿੰਦਾ
ਕੱਲ੍ਹਾ ਕੁੜੀਆਂ ਨੂੰ ਦੱਸਦਾ ਏਂ
ਬਾਬੁਲੇ ਦੀ ਪੱਗ ਬਾਰੇ
ਕਦੇ ਮੁੰਡਿਆਂ ਨੂੰ ਬਹਿ ਕੇ ਸਮਝਾ ਵੇ ਕਲਾਕਾਰਾ
੦



## ਗੀਤ

ਓਹ ਲੰਘ ਗਈ
ਕਰਕੇ ਜਮਾ ਘਟਾਓ
ਸਵੇਰੇ ਜਾ ਕੇ
ਰਾਤੀਂ ਆਓ
ਘਰਾਂ ਦੇ, ਘਰ ਪਏ ਖਾਲੀ ਨੇ
ਓ ਜ਼ਿੰਦਗੀ ਜੀਅ ਕੇ ਵੇਖੀ ਨਾ....!!

ਓ ਕਰ ਲਏ ਕੱਠੇ ਨੋਟ ਬਥੇਰੇ
ਫੇਰ ਵੀ ਖ਼ੁਸ਼ ਨਾ ਹੋਏ ਚਿਹਰੇ
ਸਬਰ ਸੰਤੋਖ ਨਾ ਕਿਤੇ ਥਿਆਇਆ
ਐਥੇ ਈ ਰਹਿ ਜਾਣਾ ਸਰਮਾਇਆ
ਓ ਰਿਸ਼ਤੇ ਡੰਗੇ ਨੋਟਾਂ ਨੇ .....!!

ਓ ਕਿਹੜੇ ਝੰਜਟੀਂ
ਪੈ ਗਿਆ ਬੰਦਿਆ
ਦਿਖਾਵਿਆਂ ਕਾਸੇ ਜੋਗਾ ਨਾ ਛੱਡਿਆ
ਭੁੱਲ ਗਿਆਂ ਮਕਸਦ ਜਿੰਦਗੀ ਦਾ
ਵੇ ਤਾਣੀ ਉਲਝੀ ਜਾਂਦੀ ਆ ....!!

ਢਿੱਲੋ ਕਹਿੰਦਾ ਬਹੁਤੀ ਵੇਰੀ
ਧਰਤੀ ਦੋ ਗਜ਼ ਮੇਰੀ ਤੇਰੀ
ਕਾਹਨੂੰ ਕਰਦੈਂ ਵੇ, ਮਨ ਆਈਆਂ
ਪਲ੍ਹ ਦਾ ਕੋਈ ਵਸਾਹ, ਹੈ ਨਹੀਂ
ਛੱਡ ਦੇ ਮੈਂ ਮੈਂ ਆਪਣੀ ਨੂੰ....!!

ਓਹ ਲੰਘ ਗਈ
ਕਰਕੇ ਜਮਾ ਘਟਾਓ
ਸਵੇਰੇ ਜਾ ਕੇ
ਰਾਤੀਂ ਆਓ
ਘਰਾਂ ਦੇ, ਘਰ ਪਏ ਖਾਲੀ ਨੇ
ਓ ਜ਼ਿੰਦਗੀ ਜੀਅ ਵੇਖੀ ਨਾ........!!
○



## ਦੋਹੇ

ਢਿਲੋਂ ਤਨ ਦੀ ਭੱਠੜੀ
ਹਿਜਰ ਦਾ ਬਾਲਣ ਪਾ,
ਨੈਣ ਕਟੋਰੇ ਹੰਝ ਭਰੇ,
ਤੁਝ ਦੇਖਣ ਕੀ ਚਾਹ !!

ਢਿਲੋਂ ਇਹ ਤਨ ਝੌਂਪੜੀ,
ਬਣਿਆ ਤਨ ਤੇ ਮਾਸ,
ਮਿੱਟੀ ਕੇ ਇਸ ਪੁਤਲੇ,
ਆਉਂਦੇ, ਜਾਣ ਸਵਾਸ !!

ਢਿੱਲੋਂ ਇਹ ਮਨ ਭਟਕਦਾ,
ਬਹਿ ਜਾਊ ਚੁੱਪ ਚਾਪ,
ਜਦ ਸੁਰਤ ਟਿਕਾਣੇ ਹੋਵਣੀ,
ਹੋਵੇ ਫਿਰ ਮਿਲਾਪ !!

ਮੇਰੀ ਮੈਂ ਕੁਝ ਨਾ ਰਹੇ,
ਬਸ ਤੇਰਾ ਹੋਵੇ ਜਾਪ,
ਕੀ ਚਾਨਣ ਕੀ ਨ੍ਹੇਰ ਹੈ,
ਫ਼ਰਕ ਨਹੀਂ ਦਿਨ ਰਾਤ !!

ਢਿੱਲੋਂ ਇਹ ਤਨ ਲੱਕੜੀ,
ਬਲ਼ ਬਲ਼ ਹੋਇਆ ਰਾਖ,
ਮਾਣ ਕਰੇਂ ਤੂੰ ਕਾਸ ਤੇ,
ਨਾ ਹੱਡ ਤੇਰੇ ਨਾ ਮਾਸ !!
○

## ਟੱਪੇ

ਵੇ ਸੋਨੇ ਦੀਆਂ ਡੰਡੀਆਂ ਨੇ,
ਮੁਹੱਬਤਾਂ ਜੋ ਪਾਕ ਸਾਡੀਆਂ,
ਵੇ ਤੂੰ ਥਾਂ ਥਾਂ ਭੰਡੀਆਂ ਨੇ...!!

ਵੇ ਦੋ ਤਿੱਤਰ ਬਨੇਰੇ ਤੇ,
ਜੱਟੀ ਵੱਲ ਟੇਡਾ ਤੱਕਦੈਂ
ਸਦਕੇ ਤੇਰੇ ਜੇਰੇ ਤੇ...!!

ਵੇ ਖਾਰੇ ਹੰਝੂਆਂ ਦਾ ਕੀ ਕਰੀਏ
ਵੇ ਜਿਹੜਾ ਸਾਡੇ ਵੱਸ ਹੀ ਨਹੀਂ
ਉਹਦਾ ਝੋਰਾ ਵੀ ਕੀ ਕਰੀਏ...!!

ਖੂਹੇ ਦੀਆਂ ਟਿੰਡਾਂ ਨੇ
ਵੇ ਕਾਹਦੇ ਉੱਤੇ ਮਾਣ ਕਰਦਾ
ਏਨੀਆਂ ਕਾਹਦੀਆਂ ਹਿੰਡਾਂ ਨੇ...!!

ਚੰਨ ਚੜਿਆ ਤਾਂ ਜੱਗ ਜਾਣਦਾ
ਹਾਏ ਟੁੱਟੀਆਂ ਨੂੰ ਜੱਗ ਰੋਂਦਾ
ਪਰ ਲੱਗੀਆਂ ਨੂੰ ਕੋਈ ਮਾਣਦਾ...!!



ਛੰਨਾਂ ਪਾਣੀ ਵਾਲ਼ਾ ਡੋਹਲ ਦਿਆਂ
ਵੇ ਕਿੰਨਾ ਚੰਗਾ ਤੂੰ ਲੱਗਦਾ
ਤੇਰੇ ਕੰਨਾਂ ਵਿੱਚ ਬੋਲ ਦਿਆਂ....!!

ਦੋ ਅੰਬਾਂ ਦੀਆਂ ਗਿਟਕਾਂ ਨੇ
ਵੇ ਦਿਨੇਂ ਕੰਮ ਮੈਂ ਕਰਦੀ
ਰਾਤੀਂ ਤੇਰੀਆਂ ਸ਼ਿਫ਼ਟਾਂ ਨੇ ....!!

ਪਾਣੀ ਦੀਆਂ ਛੱਲਾਂ ਨੇ
ਵੇ ਸਾਡੇ ਉੱਤੇ ਤੂੰ ਮਰਦਾ
ਬੱਸ ਕਹਿਣ ਦੀਆਂ ਗੱਲਾਂ ਨੇ...!!

ਫੁੱਲ ਪੈ ਗਏ ਨੇ ਵੱਡਾਂ ਨੂੰ
ਵੇ ਚੰਦਰਾ ਸੁਭਾਅ ਤੇਰਾ
ਝੋਰਾ ਖਾ ਗਿਆ ਹੱਡਾਂ ਨੂੰ.....!!

ਅਸਮਾਨੀ ਟਾਕੀ ਲਾਉਂਦੇ ਓ
ਹਾਏ ਅੱਖਾਂ ਨਾਲ ਗੱਲ ਕਰਕੇ
ਕਿੰਝ ਦਿਲਾਂ ਨੂੰ ਚੁਰਾਉਂਦੇ ਹੋ ...!!

ਗੁੱਡੀ ਚੜੀ ਅਸਮਾਨੀ ਏ,
ਬਹੁਤਾ ਵੀ ਨਹੀਂ ਮਾਣ ਕਰੀਦਾ,
ਇਸ ਚੜਦੀ ਜਵਾਨੀ ਤੇ.....!!

ਕੋਈ ਤਾਰਿਆਂ ਦੀ ਲੋਅ ਮਾਹੀਆ,
ਵੇ ਐਨਾ ਵੀ ਤੂੰ ਚਤਰ ਨਹੀਂ,
ਜਿੰਨੀ ਕਰਦਾਂ ਏ ਸ਼ੋਅ ਮਾਹੀਆ.....!!

ਦੋ ਫੁੱਲ ਨੇ ਕਰੀਰਾਂ ਦੇ,
ਵੇ ਘੜੀ ਦਾ ਵਸਾਹ ਕੋਈ ਨਾ,
ਇਹਨਾ ਮਿੱਟੀ ਦੇ ਸਰੀਰਾਂ ਤੇ.....!!

ਵੇਹੜੇ ਵਿੱਚ ਟਾਹਲੀ ਏ,
ਸੱਜਣਾ ਦੀ ਦੀਦ ਬਿਨਾ,
ਸਾਡੀ ਜਿੰਦਗੀ ਹੀ ਖਾਲੀ ਏ.....!!

ਸੋਨੇ ਦੀ ਇੱਟ ਮਾਹੀਆ,
ਵੇ ਫੇਸਬੁੱਕ ਤੇ ਪਾਉਣੀ ਆ,
ਸਾਡੀ ਫੋਟੋ ਇੱਕ ਖਿੱਚ ਮਾਹੀਆ......!!

ਕੋਈ ਲੋਹੇ ਦਾ ਕਿੱਲ ਮਾਹੀਆ,
ਦਿਲ ਸਾਡਾ ਲੁੱਟ ਲੈ ਗਿਆ,
ਗੋਰੇ ਮੁੱਖੜੇ ਦਾ ਤਿੱਲ ਮਾਹੀਆ......!!

ਖੂਹੇ ਪਾਣੀ ਭਰਦੀ ਆਂ,
ਨਾਲੇ ਤੈਨੂੰ ਯਾਦ ਕਰਾਂ,
ਵੇ ਨਾਲੇ ਹੌਕੇ ਭਰਦੀ ਆਂ.....!!

ਪਾਇਆ ਸੂਟ ਪੰਜਾਬੀ ਏ,
ਗੋਰਾ ਗੋਰਾ ਰੰਗ ਜੱਟੀ ਦਾ,
ਹੋਇਆ ਸੰਗ ਕੇ ਗੁਲਾਬੀ ਏ.....!!

ਜੁੱਤੀ ਤਿੱਲੇਦਾਰ ਪਾ ਲੈ ਨੀ,
ਐਨਾ ਨਾ ਤੂੰ ਫਬਿਆ ਕਰ,
ਐਵੇਂ ਨਜਰ ਲਵਾ ਲੈ ਣੀ.....!!
o